# ਸ਼ੈਤਾਨ ਆਦਮੀ

# ਸ਼ੈਤਾਨ ਆਦਮੀ

ਬਲਬੀਰ "ਸਾਹਨੇਵਾਲ"

*Poetry/Punjabi Poetry*

**Shaitaan Aadmi**

*By*

**Balbir 'Sahnewal'**
S/o Sh. Manjit Singh
Railway Road, Sahnewal
Mob: 99150-35575

2009
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2009*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

**ਸਮਰਪਣ**

ਵਤਨ ਦੇ ਸ਼ਹੀਦਾਂ ਨੂੰ

# ਤਤਕਰਾ


| ਕੀ | ਕਿੱਥੇ |
|---|---|
| ➪ ਸ਼ੈਤਾਨ-ਆਦਮੀ | 11 |
| ➪ ਨੀਲ ਨੈਣੀ | 12 |
| ➪ ਭੈਣ ਭਾਬੀ ਦੀ | 13 |
| ➪ ਉਠਦੀ ਬਹਿੰਦੀ ਨੂੰ | 14 |
| ➪ ਇਸ਼ਕ ਦਾ ਤੰਦੂਰ | 16 |
| ➪ ਮਿੱਤਰਾਂ ਦਾ ਹੀਲਾ | 18 |
| ➪ ਰੀਸ ਕਰੋ ਚੰਗਿਆਈ ਦੀ | 20 |
| ➪ ਹੁਣ ਕੀ ਤੂੰ | 21 |
| ➪ ਫੁੱਲ ਜਾਣ ਕੇ | 23 |
| ➪ ਅੱਧੀ ਰਾਤੀ | 25 |
| ➪ ਨਾ ਲਾ ਹੋਰ ਬਹਾਨੇ | 26 |
| ➪ ਰੋਗਣ | 28 |
| ➪ ਬਦਲ ਗਈ ਪਾਸਾ | 29 |
| ➪ ਦੱਸ ਕਿਧਰੋਂ ਦੀ ਲੰਘਾਂ | 30 |
| ➪ ਜੰਮਦੀ ਨੂੰ ਰੋਗ | 32 |
| ➪ ਛੱਲਾ-ਨਿਸ਼ਾਨੀ | 33 |
| ➪ ਖੁਦ ਲਾਈ ਅੱਗ | 34 |
| ➪ ਈਦ | 36 |
| ➪ ਉਮਰਾਂ ਦੀ ਰੋਗਣ | 37 |
| ➪ ਗ਼ਜ਼ਲ | 38 |
| ➪ ਬੇਵਫ਼ਾ | 39 |
| ➪ ਭਾਬੀ ਦੇ ਨੈਣਾਂ ਨੇ | 40 |
| ➪ ਦਿਲ ਧੜਕੇ | 42 |
| ➪ ਦੇਖਣ ਦੀ ਭੁੱਖ | 43 |
| ➪ ਪੱਜ ਉਗਰਾਹੀ ਦੇ | 44 |
| ➪ ਤੇਰੇ ਬਾਝੋਂ | 45 |
| ➪ ਨਾ ਹੀ ਆਇਆ | 46 |

⇨ ਲੱਗੀਆਂ ਦੇ ਬੋਲ 47
⇨ ਗਿੱਧੇ ਦੀ ਰਾਣੀ 49
⇨ ਯਾਰੀ ਦੇ ਕੀਰਨੇ 51
⇨ ਜਾਈਂ ਨਾ ਗਿੱਧੇ 'ਚੋਂ 52
⇨ ਸਾਡੇ ਜਿਗਰ ਉਤੇ 54
⇨ ਰੁਮਾਲ ਨਿਸ਼ਾਨੀ 55
⇨ ਤੇਰੇ ਪਿਛੇ ਲੱਗ 56
⇨ ਦਿਲ ਵਾਲੀ ਘੁੰਡੀ 57
⇨ ਚਿੱਠੀ ਨਾ ਪਾਈ 58
⇨ ਕਾਹਤੋਂ ਦੂਰ-ਦੂਰ ਹੁੰਦੀ 60
⇨ ਗੱਡੀ ਥੱਲੇ 62
⇨ ਚਰਨੋਂ 63
⇨ ਨਵਾਂ ਪਟਵਾਰੀ 65
⇨ ਕਿਧਰ ਨੂੰ ਜਾਵਾਂ ? 66
⇨ ਪਟਵਾਰੀ 67
⇨ ਮਰਜਾਂ ਖਾ ਕੇ 68
⇨ ਮੁੱਲ ਪੈਣੇ ਅਕਲਾਂ ਦੇ 69
⇨ ਬੁੱਢੇ ਨਾਲ ਲਾਵਾਂ 69
⇨ ਲੇਖ ਸੜਗੇ 72
⇨ ਸੋਹਣੀ ਠਿੱਲ ਪਈ 73
⇨ ਝੂਠੀ ਹੋ ਗਈ 75
⇨ ਇੱਕ ਨਾ ਜਰਨੀ 76
⇨ ਜੇ ਤੂੰ ਆਉਣਾ ਹੁੰਦਾ 77
⇨ ਪੁਨੂੰਆਂ ਬੇ-ਕਦਰਾ 79
⇨ ਵਿਛੋੜਾ ਮੁੱਕੇ ਤੇਰਾ 80
⇨ ਨਸੀਬ ਕੁਰੇ 81
⇨ ਜਠਾਣੀ ਜੈ-ਖਾਣੀ 82
⇨ ਪ੍ਰਦੇਸ਼ਾਂ 'ਚ 83
⇨ ਫੌਜੀਆ ਮੁੜ ਪੈ 85
⇨ ਲੋਕਾਂ ਭਾਣੇ 87
⇨ ਸਧਰਾਂ ਕੁਆਰੀਆਂ 88

⇨ ਇਹ ਕੀ ਦਸਤੂਰ ਹੈ ? 89
⇨ ਢਾਕ ਸੱਖਣੀ 91
⇨ ਜੇਠ ਚੰਦਰਾ 92
⇨ ਫਿਰਦੇ ਅਜੇ ਕੁਆਰੇ 93
⇨ ਗਿੱਧਾ ਪਾਈ ਚੱਲ 95
⇨ ਤੇਰੇ ਬਦਲੇ 96
⇨ ਹਾਏ ! ਮਰ ਗਈ ਰਾਂਝਣਾਂ 97
⇨ ਲਾਲ ਚੂੜੀਆਂ 99
⇨ ਹੀਰ ਸਲੇਟੀ 100
⇨ ਮੋਰਨੀ 101
⇨ ਸੱਸੇ ਸਮਝਾ ਲੈ 102
⇨ ਮੋਢੇ ਮਾਰਦਾ 103
⇨ ਗ਼ਜ਼ਲ 104
⇨ ਲੈ ਕੇ ਆ ਜਾ 105
⇨ ਗੱਲ ਕਰ ਮਤਲਬ ਦੀ 106
⇨ ਨਖਰਾ ਗਰਮ ਮਸਾਲਾ 107
⇨ ਆ ਜਾ ਮਿੱਤਰਾ 109
⇨ ਕੂਲੀਆਂ ਲਗਰਾਂ ਨੂੰ 111
⇨ ਰੂਪ ਨੂੰ ਬਚਾ ਲੈ 113
⇨ ਸੁਪਨਿਆਂ ਦੀ ਸ਼ਿੰਗਾਰ 115
⇨ ਰੰਗ ਦੇ ਕਾਲੇ ਨਾਲ 117
⇨ ਗਈ ਫਸ ਵੇ ਮੁੰਡਿਆ 119
⇨ ਸਾਰੀ ਰਾਤ 120
⇨ ਛੱਡ ਦੇ ਲੰਘਣਾ 121
⇨ ਜ਼ਿੰਦੜੀ ਨੂੰ ਰੋਗ ਲੱਗ ਜੂ 123
⇨ ਮੈ ਲੋਕਾਂ ਤੋਂ ਸੰਗਾਂ 125
⇨ ਹੀਲਾ ਕਰ ਲੈ 127
⇨ ਤੰਦੂਰ ਤੇ ਖੜ੍ਹੀ 129
⇨ ਸੂਰਤ ਤੇਰੀ ਚੰਨਾ 131
⇨ ਪੱਟਾਂ ਤੇ ਮੋਰਨੀ 133
⇨ ਘੱਗਰਾ 135

## ਸ਼ੈਤਾਨ-ਆਦਮੀ

ਦਿਨੋਂ-ਦਿਨ ਆਦਮੀ ਸ਼ੈਤਾਨ ਹੁੰਦਾ ਜਾ ਰਿਹਾ
ਗਰਕ ਗਿਆ ਏ ਉਂਜ ਧਨਵਾਨ ਹੁੰਦਾ ਜਾ ਰਿਹਾ

ਦੁਨੀਆ 'ਚ ਵਧੀ ਜਾਂਦੀ ਐ ਲਫ਼ਾਫ਼ੇਬਾਜ਼ੀ
ਮੁਫ਼ਤ ਦੀ ਹੁਣ ਇਥੇ ਛੱਡਦਾ ਨਾ ਕਾਜ਼ੀ
ਦਾਨੇ ਦੀ ਥਾਂ ਇਹ ਨਿਦਾਨ ਹੁੰਦਾ ਜਾ ਰਿਹਾ
ਦਿਨੋਂ-ਦਿਨ ਆਦਮੀ......................

ਧਰਮ ਦੀ ਆੜ 'ਚ ਨਿੱਤ ਹੋਣ ਪਏ ਦੰਗੇ
ਬੇ-ਸ਼ਰਮੀ ਦੇ ਰੰਗ 'ਚ ਗਏ ਨੇ ਲੋਕ ਰੰਗੇ
ਇਨਸਾਨ ਤੋਂ ਬੰਦਾ ਅੱਜ ਹੈਵਾਨ ਹੁੰਦਾ ਜਾ ਰਿਹਾ
ਦਿਨੋਂ-ਦਿਨ ਆਦਮੀ.................

ਰੋਜ਼ ਵਧੀ ਜਾਵਣ ਭ੍ਰਿਸ਼ਟਾਚਾਰ ਦੀਆਂ ਖਬਰਾਂ
ਚੋਰੀ, ਡਾਕਿਆਂ ਤੇ ਬਲਾਤਕਾਰਾਂ ਦੀਆਂ ਖਬਰਾਂ
ਮਾਣਸ ਭਲਾ ਜਿਹੜਾ ਪ੍ਰੇਸ਼ਾਨ ਹੁੰਦਾ ਜਾ ਰਿਹਾ
ਦਿਨੋਂ-ਦਿਨ ਆਦਮੀ.................

ਮੂੰਹ 'ਚ ਰਾਮ-ਰਾਮ ਹੈ ਬਗਲ 'ਚ ਛੁਰੀ ਏ
ਕਿਥੇ ਖਤਮ ਕਰਾਂ ਗੱਲ ਕਿਥੋਂ ਸੀ ਤੁਰੀ ਇਹ
"ਬਲਬੀਰ" ਖ਼ੁਦ ਬੰਦਾ ਜੋ ਭਗਵਾਨ ਹੁੰਦਾ ਜਾ ਰਿਹਾ
ਦਿਨੋਂ-ਦਿਨ ਆਦਮੀ.................

•

# ਨੀਲ-ਨੈਣੀ

ਤੇਰੇ ਨੀਲੇ-ਕਾਸ਼ਨੀ ਨੈਣ ਕੁੜੇ
ਇਉਂ ਜਾਪਣ ਜਿਉਂ ਕੁਝ ਕਹਿਣ ਕੁੜੇ
ਸਾਨੂੰ ਚੈਨ ਨਾ ਦਿਨ ਤੇ ਰੈਣ ਕੁੜੇ
ਇਹ ਕਈ ਘਰ ਪੱਟਣ ਵਾਲੇ ਨੇ
ਤੇਰੇ ਨੈਣ ਮਸਤ ਮਤਵਾਲੇ ਨੇ

ਕਾਸ਼ਨੀ ਅੱਖਾਂ 'ਚ ਕੱਜ਼ਲ਼-ਧਾਰੀ ਏ
ਜਿਵੇਂ ਸਾਣ ਤੇ ਚੜ੍ਹੀ ਕਟਾਰੀ ਏ
ਇੰਨੇ ਮੱਤ ਕਈਆਂ ਦੀ ਮਾਰੀ ਏ
ਪਿੰਡ ਵਿਚ ਕੋਈ ਕਤਲ ਕਰਾਵੇਂਗੀ
ਕੋਈ ਨਵਾਂ ਈ ਚੰਦ ਝੜਾਵੇਂਗੀ

ਨੈਣਾਂ ਦੀ ਅਜ਼ਬ ਕਹਾਣੀ ਏ
ਜਿਸ ਨਾਲ ਬੀਤੀ ਉਨ੍ਹੇ ਜਾਣੀ ਏ
ਇਹੇ ਲੱਭਦੀ ਵੇਲੇ ਨਾ ਹਾਣੀ ਏ
ਇਜਤਬੇਗ ਨੂੰ ਮੇਹੀਂਵਾਲ ਬਣਾ ਦਿੱਤਾ
ਇੰਨੇ ਕੈਸ਼ ਨੂੰ ਮਜਨੂੰ ਕਹਾ ਦਿੱਤਾ

ਤੂੰ ਆਪੇ ਈ ਸਭ ਕੁਝ ਜਾਣ ਲੈ ਨੀ
"ਸਾਹਨੇਵਾਲੀਏ" ਦੀ ਰਜ਼ਾ ਪਛਾਣ ਲੈ ਨੀ
ਜੋ ਮਜ਼ਾ ਜੁਆਨੀ ਦਾ ਮਾਣ ਲੈ ਨੀ
"ਬਲਬੀਰ" ਵੀ ਤੇਰੇ ਹਾਣ ਦਾ ਏ
ਤੇਰੇ ਮਨ ਦੀ ਮੁਰਾਦ ਪਛਾਣਦਾ ਏ

•

## ਭੈਣ ਭਾਬੀ ਦੀ

ਭੈਣ ਭਾਬੀ ਦੀ ਝਾਂਜਰਾਂ ਵਾਲੀ
ਉਹਦੇ ਪ੍ਰੇਮ ਦਾ ਮੈਂ ਹੋ ਗਿਆ ਸਵਾਲੀ
ਉਹ ਲੜ ਗਈ ਸੱਪ ਬਣ ਕੇ..........

ਇਕ ਵਾਰੀ ਬੁੱਲ੍ਹੀਆਂ 'ਚ ਪਈ ਜਦੋਂ ਹੱਸ ਸੀ
ਜ਼ਹਿਰ ਇਸ਼ਕੇ ਦਾ ਚੜ੍ਹ ਗਿਆ ਨਸੋ-ਨਸ ਸੀ
ਨਜ਼ਰਾਂ ਦੇ ਤੀਰ ਨਾਲ ਘਾਇਲ ਕੀਤਾ ਦਿਲ ਮੇਰਾ
ਨੈਣ ਜਾਪਦੇ ਸੀ ਓਸ ਦੇ ਦੋਨਾਲੀ
ਉਹ ਲੜ ਗਈ ਸੱਪ ਬਣ ਕੇ..........

ਇਸ਼ਕੇ ਦੀ ਬਰਮੀ 'ਚ ਹੱਥ ਕਾਹਦਾ ਪਾ ਲਿਆ
ਜਾਣ-ਬੁੱਝ ਕੇ ਰੋਗ ਉਮਰਾਂ ਦਾ ਲਾ ਲਿਆ
ਤਖ਼ਤ ਹਜ਼ਾਰਾ ਛੱਡ ਹੋ ਗਿਆ ਫਕੀਰ ਰਾਂਝਾ
ਜਾ ਤੱਕ ਲਈ ਹੀਰ-ਸਿਆਲੀ
ਉਹ ਲੜ ਗਈ ਸੱਪ ਬਣ ਕੇ..........

ਹੁਸਨ ਅਤੇ ਇਸ਼ਕ ਦੀ ਹੋਈ ਡਾਢੀ ਜੰਗ ਸੀ
ਅੰਗ-ਅੰਗ ਪੀੜ ਹੋਵੇ ਐਸਾ ਲੱਗਾ ਡੰਗ ਸੀ
ਆਮ ਗੱਲ ਫੈਲਗੀ ਪਿੰਡੀ "ਬਲਬੀਰ" ਦੀ ਇਹ
ਕੀ "ਸਾਹਨੇਵਾਲ" ਕੁਹਾੜਾ, ਜੰਡਿਆਲੀ
ਉਹ ਲੜ ਗਈ ਸੱਪ ਬਣ ਕੇ..........
ਭੈਣ ਭਾਬੀ ਦੀ ਝਾਂਜਰਾਂ ਵਾਲੀ...........

•

## ਉਠਦੀ ਬਹਿੰਦੀ ਨੂੰ

ਹਿਜਰ ਤੇਰੇ ਨੇ ਕਰ ਲੀ ਝੱਲੀ
ਜੱਫੀਆਂ ਥੰਮਾਂ ਨੂੰ ਪਾਵਾਂ
ਉਠਦੀ-ਬਹਿੰਦੀ ਨੂੰ
ਦਿਸੇ ਤੇਰਾ ਪ੍ਰਛਾਵਾਂ

ਦਿਲ ਦੇ ਪਹਾੜੋਂ ਨੈਣਾਂ ਦੇ ਚਸ਼ਮੇਂ
ਵਗਦੇ ਬੇ-ਮੁਹਾਰੇ
ਹੋਠਾਂ ਦੇ ਸਾਡੇ ਹੰਸ ਨੇ ਖਾਂਦੇ
ਹੰਝੂਆਂ ਦੇ ਮੋਤੀ ਖਾਰੇ
ਸਹੁੰ ਮੈਨੂੰ ਤੇਰੀ ਵੇ
ਝੂਠ ਨਾ ਜਰਾ ਸੁਣਾਵਾਂ
ਉਠਦੀ ਬਹਿੰਦੀ ਨੂੰ..........

ਦਿਲ ਦੀ ਢੱਕੀ ਗਮ-ਕੰਡਿਆਈ
ਬੇ-ਹਿਸਾਬੀ ਹੋਈ
ਖੁਸ਼ੀਆਂ ਦੀ ਖੇਤੀ ਸੁੱਕਗੀ ਸਾਰੀ
ਜੋ ਸੀ ਸ਼ੌਕ ਨਾ ਬੋਈ
ਹੌਕਿਆਂ ਦੀ ਲੋ ਵਗਦੀ
ਆਉਂਦੀਆਂ ਗਰਮ ਹਵਾਵਾਂ
ਉਠਦੀ ਬਹਿੰਦੀ ਨੂੰ..........

ਜਾਣ-ਬੁੱਝ ਨਾਗ ਇਸ਼ਕ ਦਾ
ਸੁੱਤਾ ਪਿਆ ਜਗਾਇਆ

ਫੁੱਲਾਂ ਵਰਗੀ ਜਿੰਦੜੀ ਨੂੰ ਮੈਂ
ਕੰਡਿਆਂ ਦੇ ਵਸ ਪਾਇਆ
ਗਮਾਂ ਦੀਆਂ ਗਿਲਝਾਂ ਨੂੰ
ਮਾਸ ਦਿਲ ਦਾ ਪਾਵਾਂ
ਉਠਦੀ ਬਹਿੰਦੀ ਨੂੰ.......

"ਸਾਹਨੇਵਾਲੀਆ" ਕਰਤੇ ਕੋਲੇ
ਸਾੜ ਕੇ ਚੰਨਣ ਦੀ ਗੇਲੀ
ਦਿਲ ਕਰਦਾ ਏ ਛੱਡ ਕੇ ਤੈਨੂੰ
ਹੋ ਜਾਂ ਸਾਧ ਦੀ ਚੇਲੀ
"ਬਲਬੀਰ" ਦੀ ਖਾਤਰ ਮੈਂ
ਕਿਉਂ ਝੱਲੀ ਅਖਵਾਵਾਂ
ਉਠਦੀ ਬਹਿੰਦੀ ਨੂੰ
ਦਿਸੇ ਤੇਰਾ ਪ੍ਰਛਾਵਾਂ.........

•

## ਇਸ਼ਕ ਦਾ ਤੰਦੂਰ

ਨਦੀ ਕਿਨਾਰੇ ਰੁਖੜਾ ਖੜੋਤਾ,
ਝੜ-ਝੜ ਪੈਂਦਾ ਬੂਰ।
ਵੇ ਤੂੰ ਮੁੜਿਆ ਨਹੀਉਂ,
ਇਸ਼ਕ ਦਾ ਤਪੇ ਤੰਦੂਰ।

ਹਿਜਰ ਤੇਰੇ ਦੀ ਰੋਹੀ ਦੇ ਵਿਚ
ਯਾਦਾਂ ਦੀ ਮੂਢੀ ਫੁੱਟੀ
ਪੀੜਾਂ ਦਿਆਂ ਧਾੜਵੀਆਂ ਨੇ
ਚੜ੍ਹਦੀ ਜੁਆਨੀ ਲੁੱਟੀ
ਚਾਅ ਸੀ ਦਿਲ ਦੇ ਜੋ ਵੀ ਸਾਰੇ
ਹੋ ਗਏ ਚਕਨਾਚੂਰ
ਵੇ ਤੂੰ ਮੁੜਿਆ ਨਹੀਉਂ..........

ਹੋਠਾਂ ਦੇ ਗਏ ਫੁੱਲ ਕੁਮਲਾਏ
ਹਾਸਿਆਂ ਦੇ ਭੰਬਰੇ ਮਰ ਗਏ
ਦੁਖੜੇ ਤੇਰੇ ਨੈਣਾਂ ਦੇ ਕਾਸੇ
ਹੰਝੂਆਂ ਦੇ ਸੰਗ ਭਰ ਗਏ
ਖੂਹਾਂ ਵਰਗੇ ਜ਼ਖ਼ਮ ਜਿਗਰ ਦੇ
ਕਿਵੇਂ ਹੋਣਗੇ ਪੂਰ
ਵੇ ਤੂੰ ਮੁੜਿਆ ਨਹੀਉਂ.........

ਰੱਬ ਕਰਕੇ ਮਰੇ ਬ੍ਰਿਹਾ ਤੇਰਾ
ਆਵੇ ਕਿਸੇ ਦੀ ਆਈ
ਜ਼ਿੰਦ ਸਾਡੀ ਤੇ ਸੋਗਾਂ ਦੀ ਤੂੰ

ਅਮਰ-ਵੇਲ ਚੜ੍ਹਾਈ
ਆਤਿਸ਼ ਵਾਂਗੂ ਤਨ ਏ ਤਪਿਆ
ਪਈ ਨਾ ਸੀਤਲ ਭੂਰ
ਵੇ ਤੂੰ ਮੁੜਿਆ ਨਹੀਉਂ.........

ਇਕੋ ਏਸੇ ਆਸ ਤੇ ਜੀਵਾਂ
ਹੋ ਜਾਣ ਸ਼ਾਇਦ ਦੀਦਾਰੇ
ਹੋਂਠ ਵੀ ਸਾਡੇ ਹੋਏ ਸਲੂਣੇ
ਪੀ-ਪੀ ਅਥਰੂ ਖਾਰੇ
"ਸਾਹਨੇਵਾਲੀਆ" ਖੁਸ਼ੀਆਂ ਸਾਡੀਆਂ
ਉਡੀਆਂ ਵਾਂਗ ਕਾਫੂਰ
ਵੇ ਤੂੰ ਮੁੜਿਆ ਨਹੀਉਂ.........
ਇਸ਼ਕ ਦਾ ਤਪੇ ਤੰਦੂਰ..........

•

## ਮਿੱਤਰਾਂ ਦਾ ਹੀਲਾ

ਸੁਣ ਨੀ ਕੁੜੀਏ ਜ਼ਹਿਰ ਦੀਏ ਪੁੜੀਏ
ਹੀਲੇ ਨਾਲ ਵਸੀਲਾ
ਨੀ ਭਲਕੇ ਉਠਜੇਂਗੀ
ਕਰ ਮਿੱਤਰਾਂ ਦਾ ਹੀਲਾ

ਹੱਡੀਆਂ ਦਾ ਮੈਂ ਸਮਝ ਕੇ ਬਾਲਣ
ਭੱਠੀ ਇਸ਼ਕ ਦੀ ਪਾਇਆ
ਰੁਕਿਆ ਨਾ ਮੈਂ ਬੜਾ ਰੋਕਿਆ
ਨਾ ਸਮਝਿਆ ਸਮਝਾਇਆ
ਤੇਰੇ ਪਿਛੇ ਲਗ ਕੇ ਵੈਰਨੇ
ਛੱਡਿਆ ਕੁੱਲ-ਕਬੀਲਾ
ਨੀ ਭਲਕੇ ਉਠਜੇਂਗੀ..........

ਮੱਠਾ-ਮੱਠਾ ਤਾਪ ਨੈਣਾਂ ਨੂੰ
ਕੱਟ ਜਗਰਾਤੇ ਹੋਇਆ
ਨੀਮ-ਗਰਮ ਹੰਝੂਆਂ ਨੇ ਸਾਡੇ
ਦਿਲ-ਵਿਹੜੇ ਨੂੰ ਧੋਇਆ
ਤੇਰੀ ਹੀ ਇਹ ਮਿਹਰ ਹੈ ਸਾਰੀ
ਰੰਗ ਪਿਆ ਜੋ ਪੀਲਾ
ਨੀ ਭਲਕੇ ਉਠਜੇਂਗੀ........

ਜ਼ਿੰਦਗੀ ਦੀਆਂ ਮੈਂ ਰਾਹਾਂ ਭੁੱਲਾ
ਕਿਹੜਾ ਰਹਿਬਰ ਭਾਲਾਂ

ਆਪੇ ਆਪਣਾ ਕਹਿ ਕੇ ਵੈਰਨੇ
ਕਰ ਗਈ ਏਂ ਤੂੰ ਚਾਲਾਂ
"ਸਾਹਨੇਵਾਲੀਏ" ਬਾਝੋਂ ਤੈਨੂੰ
ਲੱਭਿਆ ਨਾ ਛੈਲ-ਛਬੀਲਾ
ਨੀ ਭਲਕੇ ਉਠਜੇਂਗੀ
ਕਰ ਮਿੱਤਰਾਂ ਦਾ ਹੀਲਾ

•

## ਰੀਸ ਕਰੋ ਚੰਗਿਆਈ ਦੀ

ਪਹਾੜ ਦੀ ਕਰੋ ਚਾਹੇ ਰਾਈ
ਸਦਾ ਰੀਸ ਕਰੋ ਚੰਗਿਆਈ
ਨਾ ਕਰੋ ਆਪਣੀ ਵਡਿਆਈ

ਛੱਡੋ ਭੈੜੇ ਰਸਮ-ਰਿਵਾਜ਼ਾਂ ਨੂੰ
ਤਿਆਗੋ ਮੰਦੇ ਕੰਮਾਂ-ਕਾਜਾਂ ਨੂੰ
ਨਣਦੇ ਗੱਲ ਮੰਨ ਵੱਡੀ ਭਰਜਾਈ ਦੀ
ਸਦਾ ਰੀਸ ਕਰੋ.........

ਰੁੱਖ ਵਧੇ-ਫੁਲੇ ਨਾ ਕਦੇ ਸ਼ਾਖ ਬਿਨਾ
ਬੰਦਾ ਕਿਸੇ ਕੰਮ ਦਾ ਨ੍ਹੀਂ ਇਖਲਾਕ ਬਿਨਾ
ਚੀਜ਼ ਹਮੇਸ਼ਾ ਮਨ-ਭਾਉਂਦੀ ਖਾਈਦੀ
ਸਦਾ ਰੀਸ ਕਰੋ.........

ਨੱਕ ਦੀ ਖਾਤਰ ਨਾ ਸਿਰ ਚੜ੍ਹ ਕੇ ਮਰੋ
ਆਪਣੀ ਹੈਸੀਅਤ ਮੁਤਾਬਿਕ ਕੰਮ ਕਰੋ
ਨਿਖੇਧੀ ਕਰੋ ਸਦਾ ਬੁਰਿਆਈ ਦੀ
ਸਦਾ ਰੀਸ ਕਰੋ..........

ਨਾ ਹੀ ਅਦਬ, ਸਤਿਕਾਰ ਵਡਿਆਈ ਦੇਖਕੇ
ਕਦੇ ਸੜੋ ਨਾ ਕਿਸੇ ਦੀ ਚੜ੍ਹਾਈ ਦੇਖਕੇ
"ਬਲਬੀਰ" ਵਧੀਆ ਆਦਤ ਸਦਾ ਪਾਈ ਦੀ
ਹਮੇਸ਼ਾ ਰੀਸ ਕਰੋ ਚੰਗਿਆਈ ਦੀ
ਨਾ ਕਰੋ ਆਪਣੀ ਵਡਿਆਈ ਦੀ

•

# ਹੁਣ ਕੀ ਤੂੰ

ਮਿੱਤਰਾਂ ਦੀ ਹਾਅ ਲੱਗ ਜੂ,
ਜਰਾ ਸੋਚ ਲਵੀਂ ਤੂੰ ਮੁਟਿਆਰੇ।
ਹੁਣ ਕੀ ਤੂੰ ਰੱਬ ਬਣਗੀ,
ਸਾਨੂੰ ਲਾ ਕੇ ਵੈਰਨੇ ਲਾਰੇ।

ਅਸੀਂ ਪਾਣੀ ਦੀ ਨੀ ਥਾਂ
ਘੁੱਟ ਹੰਝੂਆਂ ਦੀ ਪੀਤੀ
ਸਾਡੀ ਚਾਨਣੀ ਵੀ ਰਾਤ
ਕਾਲੀ ਬ੍ਰਿਹੋਂ ਨੇ ਕੀਤੀ
ਜੀਵਨ ਦਾ ਸਾਥੀ ਬਣਕੇ
ਛੱਡਗੀ ਤੂੰ ਵਿਚਕਾਰੇ
ਹੁਣ ਕੀ ਤੂੰ ਰੱਬ..........

ਤੇਰੀ ਰੂਪ ਦੀ ਕਟਾਰ
ਸਾਡੇ ਟੁਕੜੇ ਨੇ ਕੀਤੇ
ਤੈਨੂੰ ਦੇ ਕੇ ਅਸੀਂ ਹਾਸੇ
ਬਦਲੇ ਹੌਕੇ ਨੇ ਲੀਤੇ
ਬਣ ਕੇ ਮਲਾਹ ਬੇੜੀ ਦੀ
ਸਾਨੂੰ ਲਾਇਆ ਨਾ ਕਿਸੇ ਵੀ ਕਿਨਾਰੇ
ਹੁਣ ਕੀ ਤੂੰ ਰੱਬ.........

ਨੈਣ ਬਣੇ ਨੇ ਬੱਦਲੀਆਂ
ਲੱਗੀ ਸਾਉਣ ਦੀ ਝੜੀ

ਭੱਠੀ ਹਿਜਰ ਦੀ ਵਿਚ
ਨਸੀਬ ਜਾਂਦੇ ਨੇ ਸੜੀ
ਘੜੀ-ਮੁੜੀ ਯਾਦ ਨੇ ਔਂਦੇ
ਜੋ ਪਲ "ਬਲਬੀਰ" ਨੇ ਗੁਜਾਰੇ
ਹੁਣ ਕੀ ਤੂੰ ਤੂੰ ਰੱਬ.........

•

## ਫੁੱਲ ਜਾਣ ਕੇ

ਸਾਡੇ ਦਿਲ 'ਚ ਤੂੰ ਲਾ ਲਏ ਡੇਰੇ
ਹਾਏ ! ਵੇ ਰਚਿਆ ਹੱਡਾਂ ਵਿਚ ਮੇਰੇ
ਮੈਂ ਸੁੰਘਿਆ ਸੀ ਫੁੱਲ ਜਾਣ ਕੇ

ਨੈਣਾਂ ਦੀ ਸੁਰਮਈ ਬੱਦਲੀ
ਨਿੱਤ ਝੜੀਆਂ ਸਾਉਣ ਦੀਆਂ ਲਾਵੇ
ਯਾਦਾਂ ਦਾ ਪਪੀਹਾ ਵਿਲਕੇ
ਕਿਹੜਾ ਵਸਲਾਂ ਦੀ ਬੂੰਦ ਪਿਲਾਵੇ
ਬੰਜਰ ਤਾਂ ਹਿਜਰਾਂ ਦੀ
ਅਸੀਂ ਬੀਜ ਗਮਾਂ ਦੇ ਕੇਰੇ
ਸੁੰਘਿਆ ਸੀ ਫੁੱਲ ਜਾਣਕੇ.........

ਦਿਲ ਦੇ ਸਿੰਘਾਸਣ ਉਤੇ
ਤੈਨੂੰ ਵੈਰੀਆ ਅਸਾਂ ਸੀ ਬਿਠਾਇਆ
ਜ਼ਿੰਦਗੀ ਦਾ ਗ਼ਮ ਸੌਂਪਿਆ
ਤੈਨੂੰ ਉਹ ਵੀ ਰਾਸ ਨਾ ਆਇਆ
ਵੇ ਤਸੀਹੇ ਮੈਂ ਲੋਹੜੇ ਦੇ
ਤੇਰੇ ਪਿੱਛੇ ਨੇ ਜਾਲਮਾਂ ਸਹੇੜੇ
ਸੁੰਘਿਆ ਸੀ ਫੁੱਲ ਜਾਣਕੇ..........

ਅੱਗ ਤੇਰੇ ਬਿਰਹੇ ਦੀ
ਮੇਰੇ ਇਸ਼ਕ ਦੀਆਂ ਕਰੂੰਬਲਾਂ ਸਾੜੇ
ਬਾਗ ਵੇ ਮੁਹੱਬਤਾਂ ਦੇ

ਅੱਜ ਆਪ ਈ ਮਾਲੀ ਨੇ ਉਜਾੜੇ
ਲੋਕਾਂ ਭਾਣੇ ਆਈ ਪੁੰਨਿਆਂ
ਸਾਡੇ ਭਾਣੇ ਤਾਂ ਉਹੀ ਨੇ ਹਨੇਰੇ
ਸੁੰਘਿਆ ਸੀ ਫੁੱਲ ਜਾਣ ਕੇ.........

ਇਕ ਸਾਡੀ ਮੰਗ ਹਾਣੀਆਂ
ਤੈਤੋਂ ਉਹ ਵੀ ਪੂਰੀ ਨਾ ਹੋਈ
ਸੁਣੀ ਨਾ ਕਿਸੇ ਤੱਤੜੀ ਦੀ
ਸਾਰੀ ਰਾਤ ਬੈਠ ਕੇ ਰੋਈ
ਬਰੂਹਾਂ ਉਤੇ ਤੇਲ ਮੈਂ ਚੋਵਾਂ
"ਸਾਹਨੇਵਾਲੀਆ" ਆਵੇ ਸਾਡੇ ਵਿਹੜੇ
ਸੁੰਘਿਆ ਸੀ ਫੁੱਲ ਜਾਣ ਕੇ
ਹਾਏ! ਵੇ ਰਚਿਆ ਹੱਡਾ 'ਚ ਮੇਰੇ........

•

## ਅੱਧੀ ਰਾਤੀਂ

ਦਿਲ ਰੋਂਦਾ ਏ ਆਥਣੇ-ਸਵੇਰੇ
ਅੱਧੀ ਰਾਤੀਂ ਰੋਣ ਅੱਖੀਆਂ।
ਗੁਆਂਢੀ ਤੋਤੇ ਬਦਨੀਤ ਦੇਖ ਹੋਏ,
ਵੇ ਅੰਬੀਆਂ ਸੰਧੂਰੀ ਪੱਕੀਆਂ।

ਖਾਰੇ ਹੰਝੂਆਂ ਦੇ ਖੂਹ ਵਿਚ ਵੈਰੀਆ
ਛਾਲ ਮਾਰੀ ਅਸੀਂ ਭੱਜ ਕੇ
ਜਦੋਂ ਦੇ ਨੈਣ ਤੇਰੇ ਨਾਲ ਚਾਰ ਹੋਏ
ਸੁੱਤੀ ਨਾ ਮੈਂ ਕਦੇ ਰੱਜ ਕੇ
ਜੇ ਤੂੰ ਬੈਠੇ ਜ਼ੁਲਫਾਂ ਦੀ ਛਾਂਵੇਂ
ਮੈਂ ਪਲਕਾਂ ਨਾਲ ਝੱਲਾਂ ਪੱਖੀਆਂ
ਦਿਲ ਰੌਂਦਾ ਏ ਆਥਣੇ ਸਵੇਰੇ.........

ਰੋ-ਰੋ ਕੇ ਗੁਲਾਬੀ ਜਹੀਆਂ ਗੱਲ੍ਹਾਂ ਤੇ
ਹੰਝੂਆਂ ਘਰਾਲਾਂ ਪਾਈਆਂ ਨੇ
ਖਾ ਪੀ ਕੇ ਕਦੇ ਨਾ ਕੁਝ ਦੇਖਿਆ
ਜਦੋਂ ਦੀਆਂ ਪ੍ਰੀਤਾਂ ਲਾਈਆਂ ਨੇ
ਕਾਹਤੋਂ ਵੈਰਨੇ ਨਿਘਰਦੀ ਜਾਵੇਂ
ਪੁੱਛਦੀਆਂ ਮੈਤੋਂ ਸਖੀਆਂ
ਦਿਲ ਰੋਂਦਾ ਏ ਆਥਣੇ ਸਵੇਰੇ........

ਐਸੀ ਸੱਟ ਬਿਰਹੋਂ ਦੀ ਲੱਗੀ
ਵੇ ਦਿਲ ਉਤੇ ਨੀਲ ਪੈ ਗਿਆ
ਚੀਘ ਗਮਾਂ ਦੀ ਦਿਲ-ਦੁਆਲੇ ਪੈਗੀ
ਦੁਖੜੇ ਹਜ਼ਾਰਾਂ ਸਹਿ ਗਿਆ
ਆਪੇ ਅੱਖੀਆਂ "ਬਲਬੀਰ" ਨਾਲ ਜਾ ਲੜੀਆਂ
ਗਈਆਂ ਨਾ ਇਹ ਮੂਲ ਡੱਕੀਆਂ
ਦਿਲ ਰੋਂਦਾ ਏ ਆਥਣੇ ਸਵੇਰੇ
ਵੇ ਅੱਧੀ ਰਾਤੀਂ ਰੋਣ ਅੱਖੀਆਂ

•

## ਨਾ ਲਾ ਹੋਰ ਬਹਾਨੇ

ਵਿਹੜੇ ਦੇ ਵਿਚ ਬੁਣਦੀ ਨਾਲੇ,
ਡਿਗ-ਡਿਗ ਪੈਂਦੇ ਕਾਨੇ।
ਸੁਹਣਿਆਂ ਮੁੜ ਪੈ ਵੇ,
ਨਾ ਲਾ ਹੋਰ ਬਹਾਨੇ।

ਆਹਾਂ ਸਾਡੀਆਂ ਅੰਬਰ ਦਾ ਰੰਗ
ਕੀਤਾ ਦੂਣਾ ਕਾਲਾ
ਦਿਲ ਦੀਆਂ ਸੱਧਰਾਂ ਫੂਕ ਸੁੱਟੀਆਂ
ਹਿਜਰ ਤੇਰੇ ਦੀ ਜੁਆਲਾ
ਦੁਨੀਆ ਦੇ ਸਭ ਬੁੱਲ੍ਹਾਂ ਉਤੇ
ਛਿੜੇ ਨੇ ਮੇਰੇ ਫਸਾਨੇ
ਸੁਹਣਿਆਂ ਮੁੜ ਪੈ ਵੇ........

ਹੁਸਨ ਦੇ ਡਾਕੂ ਹਲ਼ਕੇ ਫਿਰਦੇ
ਦੱਸ ਕੀ ਬਣਤ ਬਣਾਵਾਂ
ਕਿਹੜੀ ਵੇ ਮੈਂ ਵਿਚ ਭੜੋਲੀ
ਏਸ ਹੁਸਨ ਨੂੰ ਪਾਵਾਂ
ਆਪਣੇ ਵੀ ਅੱਜ ਰਹੇ ਨਾ ਆਪਣੇ
ਉਹ ਵੀ ਹੋਏ ਬਿਗਾਨੇ
ਸੁਹਣਿਆਂ ਮੁੜ ਪੈ ਵੇ.........

ਚੰਨਿਆਂ! ਵੇ ਤੈਨੂੰ ਕਿਕੁਣ ਦੱਸਾਂ
ਕਿਵੇਂ ਬੀਤਦੀਆਂ ਰਾਤਾਂ
ਜਿਧਰ ਵੀ ਨੇ ਸੁਣੀਆਂ ਜਾਂਦੀਆਂ

ਇਸੇ ਜੋਬਨ ਦੀਆਂ ਬਾਤਾਂ
ਰੂਪ ਮੇਰੇ ਦੀ ਸ਼ਮਾਂ ਦੇ ਉਤੇ
ਪਾਗਲ ਹੋਏ ਪ੍ਰਵਾਨੇ
ਸੁਹਣਿਆਂ ਮੁੜ ਪੈ ਵੇ.........

"ਸਾਹਨੇਵਾਲ" ਦਾ ਜੋ ਲੰਘਾ-ਭੈਂਗਾ
ਮੇਰੇ ਤੇ ਨਜ਼ਰ ਟਿਕਾਈ
ਸੋਲਾਂ ਆਨੇ ਸੱਚ ਹਾਂ ਦਸਦੀ
ਫਰਕ ਨਾ ਪਾਵਾਂ ਰਾਈ
"ਬਲਬੀਰ" ਬਿਨਾ ਇਹ ਸਾਰੀ ਦੁਨੀਆ
ਝਾਕਦੀ ਕੱਢ-ਕੱਢ ਆਨੇ
ਸੁਹਣਿਆਂ ਮੁੜ ਪੈ ਵੇ
ਨਾ ਲਾ ਹੋਰ ਬਹਾਨੇ........

•

## ਰੋਗਣ

ਵੇ ਡਾਕਦਾਰਾਂ ਬਾਹ ਛੱਡ ਦੇ
ਤੈਨੂੰ ਰੋਗ ਦੀ ਸਾਰ ਨਾ ਕੋਈ
ਮੇਰੇ ਜਹੀਆਂ ਅਨੇਕਾਂ ਰੋਗਣਾਂ
ਫਿਰਨ ਸੀਨੇ ਵਿਚ ਦਰਦ ਲਕੋਈ

ਵੇ ਹਿਜਰਾਂ ਦੀ ਲੋ ਵਗਦੀ
ਮੇਰੇ ਇਸ਼ਕੇ ਦਾ ਫੁੱਲ ਕੁਮਲਾਇਆ
ਰੋਹੀ ਦਾ ਇਹ ਫੁੱਲ ਜਾਣ ਕੇ
ਓਸ ਭੌਰ ਨੇ ਫੇਰਾ ਨਾ ਪਾਇਆ
ਇਕੋ-ਇਕ ਰੀਝ ਦਿਲੇ ਦੀ
ਉਹ ਵੀ ਚੰਦਰੀ ਪੂਰੀ ਨਾ ਹੋਈ
ਵੇ ਡਾਕਦਾਰਾਂ ਬਾਂਹ........

ਜੇ ਹੰਸਾਂ ਦਾ ਦਾਣੇ ਨਾ ਸਰੇ
ਕਾਹਨੂੰ ਲੱਭਦੇ ਫਿਰ ਉਹ ਮੋਤੀ
ਉਹਦੀਆਂ ਉਡੀਕਾਂ ਵਿਚ ਮੈਂ
ਦਹਿਲੀਜ਼ ਨੈਣਾਂ ਦੀ ਧੋਤੀ
ਪ੍ਰੀਤ ਸਾਡੀ ਜੋਬਨ-ਰੁੱਤੇ
ਅਣਿਆਈ ਮੌਤ ਹੈ ਮੋਈ
ਵੇ ਡਾਕਦਾਰਾਂ ਬਾਂਹ.......

ਹੈ ਨੈਣਾਂ ਦਾ ਚੈਨ ਉਡਿਆ
ਦਿਨ ਭੁੱਲਦੇ ਨ੍ਹੀ ਜੋ ਬੀਤੇ
ਦਿਲ ਹੈ ਦੁਹਾਈਆਂ ਪਾਂਵਦਾ
ਪਰ ਬੁੱਲ੍ਹ ਤਾਂ ਅਸਾਂ ਨੇ ਸੀਤੇ
"ਬਲਬੀਰ" ਨਾ ਹੋਵੇ ਵੈਰੀਆਂ ਨਾ
ਜਿਹੜਾ ਨਾਲ ਅਸਾਂ ਦੇ ਹੋਈ
ਵੇ ਡਾਕਦਾਰਾਂ ਬਾਂਹ........

•

## ਬਦਲ ਗਈ ਪਾਸਾ

ਹੱਸ ਬੁੱਲ੍ਹੀਆਂ 'ਚ ਮਿਨ੍ਹਾ-ਮਿਨ੍ਹਾ ਹਾਸਾ
ਬਦਲ ਗਈ ਪਾਸਾ
ਮੁੜ ਕੇ ਤੂੰ ਗੱਲ ਨਾ ਕਰੀ
ਵੇਲ ਲਾਈ ਸੀ ਜੋ ਪਿਆਰਾਂ ਵਾਲੀ
ਸੁੱਕ ਗਈ ਹਰੀ ਦੀ ਹਰੀ

ਪਹਿਲਾਂ ਅੱਖੀਆਂ ਨਾ ਅੱਖੀਆਂ ਮਿਲਾ ਕੇ
ਰਾਹ ਪਿਆਰਾਂ ਵਾਲੇ ਜੋ ਸੀ ਦਿਖਾ ਕੇ
ਤੇ ਸੀਨੇ ਅੱਗ ਲਾ ਕੇ
ਗੱਲ ਨਾ ਤੂੰ ਕੀਤੀ ਏ ਖਰੀ
ਵੇਲ ਲਾਈ ਸੀ ਜੋ ਪਿਆਰਾਂ........

ਹਰ ਘੜੀ ਮੇਰੀ ਪ੍ਰੀਤ ਤੈਨੂੰ ਲੋੜ ਦੀ
ਸ਼ਰਾਬਾਂ ਸਾਰੀਆਂ 'ਚੋਂ ਤੂੰ ਏਂ ਪਹਿਲੇ ਤੋੜ ਦੀ
ਤੇ ਤੂੰ ਏਂ ਮੇਰੇ ਜੋੜ ਦੀ
ਪਈ ਏਂ ਤੂੰ ਰਸ ਦੀ ਭਰੀ
ਵੇਲ ਲਾਈ ਸੀ ਜੋ ਪਿਆਰਾਂ........

"ਸਾਹਨੇਵਾਲੀਆ ਬਲਬੀਰ" ਫਿਰ ਮਰਿਆ
ਕਿਉਂ ਤਰਸ ਨਾ ਤੂੰ ਉਹਦੇ ਉਤੇ ਕਰਿਆ
ਨਾ ਡੁੱਬਿਆ ਨਾ ਤਰਿਆ
ਜਿੰਦ ਉਹਨੇ ਤਲੀ ਤੇ ਧਰੀ
ਵੇਲ ਲਾਈ ਸੀ ਜੋ ਪਿਆਰਾਂ......
ਨੀ ਸੁੱਕ ਗਈ ਹਰੀ ਦੀ ਹਰੀ

•

## ਦਸ ਕਿਧਰੋਂ ਦੀ ਲੰਘਾਂ

**ਕੁ.** ਸੁਣ ਵੇ ਮੁੰਡਿਆ ਅੱਖਾਂ ਤੋਂ ਗੁੰਡਿਆ
ਡਾਹ ਲੀਆਂ ਵਿਚਾਲੇ ਟੰਗਾਂ
ਇਕ ਪਾਸੇ ਬੋਕ ਬੰਨ੍ਹਿਆਂ
ਦੱਸ ਕਿਧਰੋਂ ਦੀ ਲੰਘਾਂ

**ਮੁੰ.** ਸੁਣ ਨੀ ਕੁੜੀਏ ਖੰਡ ਦੀਏ ਪੁੜੀਏ
ਅੱਜ ਤਾਂ ਲੰਘਣ ਨ੍ਹੀਂ ਦੇਣਾ
ਹੱਸ ਕੇ ਤੂੰ ਗੱਲ ਨਾ ਕਰੇਂ
ਅਸਾਂ ਨੇ ਇਥੇ ਈ ਬਹਿਣਾ

**ਕੁ.** ਇਸ਼ਕ ਦਾ ਭੂਤ ਜਿਹੜਾ, ਹੋਇਆ ਏ ਸਵਾਰ ਵੇ
ਪਲ ਨਹੀਂ ਲੱਗਣਾ, ਦੇਊਂ ਛੇਤੀ ਹੀ ਉਤਾਰ ਵੇ
ਸਿਰ 'ਚ ਜੇ ਦੋ ਕੁ ਪੈਗੀਆ
ਮਨਾਦੂੰ ਸਾਰੀਆਂ ਮੰਗਾਂ
ਵੇ ਇਕ ਪਾਸੇ ਬੋਕ ਬੰਨ੍ਹਿਆਂ..........

**ਮੁੰ.** ਅਗੇ ਈ ਮੈਂ ਤਾਂ ਤੇਰੇ, ਇਸ਼ਕ ਦਾ ਬੀਮਾਰ ਨੀ
ਰੂਪ ਚੰਡੀ ਦਾ ਐਵੇਂ, ਕਾਹਨੂੰ ਰਹੀ ਏਂ ਧਾਰ ਨੀ
ਜੇ ਫੱਕਰਾਂ ਦੀ ਹਾਅ ਲੱਗ ਗਈ
ਅੰਤ ਪਛਤਾਉਣਾ ਤੈਨੂੰ ਪੈਣਾ
ਨੀ ਹੱਸ ਕੇ ਤੂੰ ਗੱਲ ਨਾ ਕਰੇਂ.........

**ਕੁ.** ਕੁੜੀ ਆਂ ਮੈਂ ਕਿਹਨ੍ਹਾਂ ਦੀ, ਐਵੇਂ ਨਾ ਤੂੰ ਭੁੱਲ ਵੇ
ਤੇਰੇ ਜਿਹੇ ਆਸ਼ਕਾਂ ਨੂੰ, ਲੈ ਲਾਂ ਮੈਂ ਮੁੱਲ ਵੇ

ਜੀਭ ਨੂੰ ਟਿਕਾਣੇ ਰੱਖ ਲੈ-
ਸਭ ਲਾਹਦੂੰ ਪੀਤੀਆਂ ਭੰਗਾਂ
ਵੇ ਇਕ ਪਾਸੇ ਬੋਕ ਬੰਨ੍ਹਿਆਂ........

**ਮੁੰ.** ਮੁੱਲ ਦੀ ਕੀ ਲੋੜ ਐ, ਮੈਂ ਤਾਂ ਉਂਜ ਈ ਤਿਆਰ ਨੀ
ਸਾਡੀ ਵੀ ਜ਼ਿੰਦਗੀ 'ਚ, ਆਜੂਗੀ ਬਹਾਰ ਨੀ
ਜੇ ਏਦਾਂ ਸਾਡੀ ਗੱਲ ਬਣ ਜੇ-
ਹੋਰ ਕੀ "ਬਲਬੀਰ" ਨੇ ਲੈਣਾ
ਨੀ ਹੱਸ ਕੇ ਤੂੰ ਗੱਲ ਨਾ ਕਰੇਂ
ਅਸਾਂ ਨੇ ਇਥੇ ਈ ਬਹਿਣਾ........

•

## ਜੰਮਦੀ ਨੂੰ ਰੋਗ

ਸੁਹਣੀ ਜ਼ਿੰਦੜੀ ਪਟੋਲੇ ਵਰਗੀ
ਜ਼ਿੰਦ ਇਸ਼ਕ ਦੀ ਸੂਲੀ ਤੇ ਚੜ੍ਹਗੀ
ਵੇ ਜੰਮਦੀ ਨੂੰ ਰੋਗ ਲੱਗਿਆ

ਗੁੱਡੀਆਂ ਪਟੋਲਿਆਂ ਨੂੰ ਦਿੱਤਾ ਏ ਤਲਾਕ ਮੈਂ
ਹਰ ਵੇਲੇ ਸੱਜਣਾਂ ਵੇ ਰੱਖਾਂ ਤੇਰੀ ਝਾਕ ਮੈਂ
ਸ਼ਬਨਮ ਤੇ ਸ਼ੀਸ਼ੇ ਵਾਂਗ ਅਜੇ ਤੱਕ ਪਾਕ ਮੈਂ
ਥਲ ਹਿਜਰਾਂ ਦੇ ਵਿਚ ਸੜ੍ਹਗੀ
ਜ਼ਿੰਦ ਇਸ਼ਕ ਦੀ ਸੂਲੀ ਤੇ ਚੜ੍ਹਗੀ
ਵੇ ਜੰਮਦੀ ਨੂੰ ਰੋਗ........

ਮਾਰ ਲਿਆ ਮੈਨੂੰ ਇਨ੍ਹਾਂ ਭੈੜਿਆਂ ਲੇਖਾਂ ਵੇ
ਮਿਲਗੇ ਦਿਲ ਪਰ ਮਿਲੀਆਂ ਨਾ ਰੇਖਾਂ ਵੇ
ਰੇਲ ਵਲ ਵੇਖਾਂ ਕਦੇ ਬੱਸ ਵਲ ਵੇਖਾਂ ਵੇ
ਕਾਹਨੂੰ ਇਸ਼ਕ ਝਨਾਂ ਵਿਚ ਬੜਗੀ
ਜ਼ਿੰਦ ਇਸ਼ਕ ਦੀ ਸੂਲੀ ਤੇ ਚੜ੍ਹਗੀ
ਵੇ ਜੰਮਦੀ ਨੂੰ ਰੋਗ........

ਸੁਹਣਾ ਸਾਨੂੰ ਦਿਤਾ ਏ ਜ਼ਾਲਮਾਂ ਇਨਾਮ ਤੂੰ
ਜ਼ਿੰਦੜੀ ਸਾਡੀ ਦੀ ਦੁਪਹਿਰੇ ਪਾਈ ਸ਼ਾਮ ਤੂੰ
ਕਾਹਨੂੰ ਅੱਖ "ਬਲਬੀਰ" ਸਾਡੀ ਲੜਗੀ
ਜ਼ਿੰਦ ਇਸ਼ਕ ਦੀ ਸੂਲੀ ਤੇ ਚੜ੍ਹਗੀ
ਵੇ ਜੰਮਦੀ ਨੂੰ ਰੋਗ ਲਗਿਆ........

•

## ਛੱਲਾ-ਨਿਸ਼ਾਨੀ

ਛੱਲਾ ਤੇਰੇ ਕੋਲੋਂ ਲੈ ਕੇ ਨਿਸ਼ਾਨੀ
ਹਾਏ। ਓ ਦਿਲਜਾਨੀ
ਮੈਂ ਤਾਂ ਬਦਨਾਮ ਹੋ ਗਈ

ਬਦ ਨਾਲੋਂ ਬੁਰਾ ਕਹਿੰਦੇ, ਹੁੰਦਾ ਬਦਨਾਮ ਵੇ
ਚੜ੍ਹਦੀ ਜੁਆਨੀ ਸਾਡੀ, ਪੈ ਗੀ ਏ ਸ਼ਾਮ ਵੇ
ਤੇਰੇ ਇਸ਼ਕੇ ਨੇ ਕੀਤੀ ਆਂ ਦੀਵਾਨੀ
ਮੈਂ ਤਾਂ ਬਦਨਾਮ ਹੋ ਗਈ.........

ਫੁੱਲਾਂ ਜਿਹੀ ਜ਼ਿੰਦੜੀ ਮੈਂ, ਖਾਰਾਂ ਵੱਸ ਪਾ ਲਈ
ਇਸ਼ਕੇ ਦੀ ਤੀਲੀ ਬਾਲ, ਜੋਬਨ ਨੂੰ ਲਾ ਲਈ
ਹੋਰ ਥੋੜ੍ਹੇ ਦਿਨ ਰਹਿ ਗਈ ਜ਼ਿੰਦਗਾਨੀ
ਮੈਂ ਤਾਂ ਬਦਨਾਮ ਹੋ ਗਈ........

ਖੰਭ ਲਾ ਕੇ ਮੇਰੇ ਕੋਲੋਂ, ਉਡਿਆ ਕਰਾਰ ਵੇ
ਇਕ ਸਾਡੀ ਜ਼ਿੰਦ ਇਹਨੂੰ, ਦੁੱਖ ਨੇ ਹਜ਼ਾਰ ਵੇ
ਮੱਠੀ ਪੈ ਗਈ ਸਾਡੇ ਸਾਹਾਂ ਦੀ ਰਵਾਨੀ
ਮੈਂ ਤਾਂ ਬਦਨਾਮ ਹੋ ਗਈ........

ਕਹਿੰਦੇ ਨੇ "ਬਲਬੀਰ" ਕੋਲੋਂ, ਲਿਆ ਇਨ੍ਹੇ ਛੱਲਾ ਏ
ਸਾਰੇ "ਸਾਹਨੇਵਾਲ" ਵਿੱਚ, ਹੋਗੀ ਹਲਾ-ਲਲਾ ਏ
ਸਾਰੀ ਇਸੇ ਛੱਲੇ ਦੀ ਮਿਹਰਵਾਨੀ
ਮੈਂ ਤਾਂ ਬਦਨਾਮ ਹੋ ਗਈ
ਛੱਲਾ ਤੇਰੇ ਕੋਲੋਂ ਲੈ ਕੇ ਨਿਸ਼ਾਨੀ........

•

## ਖ਼ੁਦ ਲਾਈ ਅੱਗ

ਆਵੇ ਮਿੱਠੀ-ਮਿੱਠੀ ਤੇਰੀ ਯਾਦ
ਜਿਹੜੀ ਭੁਲਾਈ ਨ੍ਹੀਂ ਜਾਂਦੀ
ਖ਼ੁਦ ਲਾਈ ਅੱਗ ਇਸ਼ਕ ਦੀ
ਸਾਥੋਂ ਬੁਝਾਈ ਨ੍ਹੀਂ ਜਾਂਦੀ

ਨੀਲ-ਨੈਣੀਏਂ ਸੁਹਣੀਏਂ
ਤੇਰੇ ਕਿਆ ਨੇ ਕਹਿਣੇ
ਮੇਨਕਾ, ਉਰਵਸੀ, ਹਾਏ ਨੀ
ਰੰਬਾ ਦੀਏ ਭੈਣੇ
ਅੱਖਾਂ ਹੋ ਜਾਣ ਚਾਰ
ਤਾਂ ਅੱਖ ਲਾਈ ਨ੍ਹੀਂ ਜਾਂਦੀ
ਖ਼ੁਦ ਲਾਈ ਅੱਗ.........

ਤੇਰਾ ਜਿਸਮ ਹੈ ਚਾਂਦੀ ਸੋਨ-
ਸੁਨਹਿਰੀ ਵਾਲ ਕੁੜੇ
ਤੇਰੀ ਮੋਰਾਂ, ਹਿਰਨਾਂ, ਹਾਥੀਆਂ
ਵਰਗੀ ਚਾਲ ਕੁੜੇ
ਮਤਲਬ ਹੋ ਜਾਏ ਹੱਲ
ਤਾਂ ਗੱਲ ਲਮਕਾਈ ਨ੍ਹੀਂ ਜਾਂਦੀ
ਖ਼ੁਦ ਲਾਈ ਅੱਗ........

ਹੈ ਦਿਲ ਵਿਚ ਮੇਰੇ ਚਾਅ
ਤੇਰੇ ਨਾਲ ਜਿਊਣ ਦਾ
ਅਰਮਾਨ ਹੈ ਅੱਲ੍ਹੇ ਜ਼ਖ਼ਮਾਂ

ਨੂੰ ਫਿਰ ਸਿਉਣ ਦਾ
ਹੱਥੀਂ ਕਾਂਜੀ ਦੁੱਧ ਵਿਚ
ਕਦੇ ਪਾਈ ਨ੍ਹੀਂ ਜਾਂਦੀ
ਖ਼ੁਦ ਲਾਈ ਅੱਗ.........

ਅਸੀਂ ਵਿਚ ਪ੍ਰਦੇਸਾਂ
ਜਿਉਂਦੇ ਮਰਦੇ ਨਿੱਤ ਕੁੜੇ
"ਬਲਬੀਰ" ਦਾ ਇਥੇ ਹੁਣ
ਨਾ ਲਗਦਾ ਚਿੱਤ ਕੁੜੇ
ਜਿਹੜੀ ਬਣਗੀ ਲਾਂਬੂ ਲਾਟ
ਹੁਣ ਦਬਾਈ ਨ੍ਹੀਂ ਜਾਂਦੀ
ਖ਼ੁਦ ਲਾਈ ਅੱਗ ਇਸ਼ਕ ਦੀ
ਸਾਥੋਂ ਬੁਝਾਈ ਨ੍ਹੀਂ ਜਾਂਦੀ.........

•

## ਈਦ

ਮੇਰੀ ਲਈ ਨਾ ਜੇ ਸਾਰ
ਜੀਣਾ ਹੋ ਜੂ ਦੁਸ਼ਵਾਰ
ਜੁਆਨੀ ਤਾਂ ਜਾਊਗੀ ਅਜਾਈਂ ਮੱਖਣਾਂ
ਐਤਕੀਂ ਜੇ ਈਦ ਨਾ ਮਨਾਈ ਮੱਖਣਾਂ

ਝੱਲਾਂ ਡਾਢੇ ਮੈਂ ਅਜ਼ਾਬ
ਮੇਰਾ ਕੀਮਤੀ ਸ਼ਬਾਬ
ਦੇਈ ਜਾਂਦਾ ਐ ਜਵਾਬ
ਤੂੰ ਆਣ ਕੇ ਏਸ ਨੂੰ ਬਚਾਈ ਮੱਖਣਾਂ
ਐਤਕੀਂ ਜੇ ਈਦ.........

ਤੇਰੀਆਂ ਭੇਜੀਆਂ ਸੁਗਾਤਾਂ
ਯਾਦ ਆਉਣ ਤੇਰੀਆਂ ਬਾਤਾਂ
ਪੋਹ-ਮਾਘ ਦੀਆਂ ਰਾਤਾਂ
ਐਵੇਂ ਨਾ ਪ੍ਰਦੇਸ਼ਾਂ 'ਚ ਗੁਆਈ ਮੱਖਣਾਂ
ਐਤਕੀਂ ਜੇ ਈਦ........

ਕੀਤਾ ਵਾਅਦਾ ਕਰ ਯਾਦ
ਮੇਰੀ ਇਕੋ ਐ ਫਰਿਆਦ
ਹੁੰਦਾ ਜੀਣਾ-ਬੇ-ਸੁਆਦ
ਘਰ ਨਾ ਜੇ ਹੋਵੇ ਸਿਰ ਦਾ ਸਾਈਂ ਮੱਖਣਾਂ
ਐਤਕੀ ਜੇ ਈਦ.........

ਗੱਲ ਸੁਣ ਲੈ ਅਖੀਰ
ਜਿਹੜਾ ਵਿਚ ਤਕਦੀਰ
ਮੇਰੇ ਮਾਹੀ "ਬਲਬੀਰ"
ਹੋਰ ਨਾ ਤੂੰ ਬਹੁਤ ਤੜਫਾਈ ਮੱਖਣਾਂ
ਐਤਕੀਂ ਜੇ ਈਦ ਨਾ ਮਨਾਈ ਮੱਖਣਾਂ

•

## ਉਮਰਾਂ ਦੀ ਰੋਗਣ

ਕੋਈ ਪ੍ਰਵਾਹ ਜਦ ਨਾ ਕੀਤੀ
ਉਸ ਬੇ-ਦਰਦੀ ਹਰਜਾਈ ਨੇ
ਉਮਰਾਂ ਦੀ ਰੋਗਣ ਹੋ ਬੈਠੀ
ਕੁਛ ਦਮ ਨਾ ਦਿਖਾਇਆ ਦੁਵਾਈ ਨੇ

ਉਹ ਕੇਹਾ ਭੈੜਾ ਵਕਤ ਸੀਗਾ
ਜਦ ਮੈਂ ਇਕਰਾਰ ਕਰ ਬੈਠੀ
ਉਸ ਦਗੇਬਾਜ਼ ਫਰੇਬੀ ਦਾ
ਹੱਸ ਕੇ ਹੁੰਗਾਰਾ ਭਰ ਬੈਠੀ
ਮੈਨੂੰ ਟੋਟੇ-ਟੋਟੇ ਕਰ ਦਿੱਤਾ
ਉਸ ਚੰਦਰੇ ਜਿਹੇ ਕਸਾਈ ਨੇ
ਉਮਰਾਂ ਦੀ ਰੋਗਣ.........

ਉਹ ਦੂਰ-ਦੂਰ ਈ ਹੁੰਦਾ ਗਿਆ
ਜਿੰਨਾ ਮੈਂ ਉਸ ਤੇ ਮਰਦੀ ਰਹੀ
ਉਹ ਨਾ ਜੀ ਨਾ ਜੀ ਕਰਦਾ ਰਿਹਾ
ਮੈਂ ਹਾਂ ਜੀ ਹਾਂ ਜੀ ਕਰਦੀ ਰਹੀ
ਮੇਰੀ ਦੁਖਦੀ ਰਗ ਨੂੰ ਛੇੜ ਦਿੱਤਾ
ਵਿਆਹ ਤੇ ਵਜਦੀ ਸ਼ਹਿਨਾਈ ਨੇ
ਉਮਰਾਂ ਦੀ ਰੋਗਣ.........

ਦਿਲ ਵਿਚ ਦਰਦ ਹੈ ਲੋਹੜੇ ਦਾ
ਅਤੇ ਹੋਠਾਂ ਉਤੇ ਹੌਕੇ ਨੇ
ਇਹ ਅਥਰੂ ਅਥਰੇ ਰੁਕਦੇ ਨਾ
"ਬਲਬੀਰ" ਬੜੇ ਮੈਂ ਰੋਕੇ ਨੇ
ਮੈਨੂੰ ਕੱਖੋਂ ਹੌਲਿਆਂ ਕਰ ਦਿੱਤਾ
ਬੇ-ਕਦਰਾਂ ਦੀ ਅਸ਼ਨਾਈ ਨੇ
ਉਮਰਾਂ ਦੀ ਰੋਗਣ.........

•

## ਗ਼ਜ਼ਲ

ਇਹ ਦੁਨੀਆ ਮਤਲਬਖੋਰਾਂ ਦੀ।
ਠੱਗਾ, ਡਾਕੂਆਂ, ਚੋਰਾਂ ਦੀ।

ਸਾਡੇ ਆਪਣੇ ਵੀ ਅੱਜ ਆਪਣੇ ਨਹੀਂ
ਅਸੀਂ ਗੱਲ ਕੀ ਕਰੀਏ ਹੋਰਾਂ ਦੀ।

ਜਿਹੜੇ ਖ਼ੁਦ ਲੰਗੜਾਅ ਕੇ ਤੁਰਦੇ ਨੇ,
ਉਹ ਤੋਰ ਪ੍ਰਖਦੇ ਮੋਰਾਂ ਦੀ।

ਗੱਲ ਫੁੱਲਾਂ ਦੀ ਸਭ ਕਰਦੇ ਨੇ
ਨਹੀਂ ਕਰਦੇ ਕੰਡਿਆਲੇ ਥੋਹਰਾਂ ਦੀ।

ਅਮੀਰ ਹੋਰ ਅਮੀਰ ਨੇ ਹੋਈ ਜਾਂਦੇ,
ਕੋਈ ਸਾਰ ਲਵੇ ਨਾ ਕਮਜ਼ੋਰਾਂ ਦੀ।

"ਬਲਬੀਰ" ਤੂੰ ਬਚ ਕੇ ਲੰਘ ਜਾਵੀਂ,
ਅਗੇ ਟੋਲੀ ਬੈਠੀ ਐ ਚੁਗਲਖੋਰਾਂ ਦੀ।

•

## ਬੇਵਫ਼ਾ

ਕੀ ਮਿਲ ਗਿਆ ਬੇਵਫ਼ਾ ਤੈਨੂੰ,
ਨੀ ਦਿਲ ਬੇ-ਕਰਾਰ ਕਰਕੇ।
ਇਹ ਕਿਥੇ ਲਿਖਿਆ ਦੱਸੀਂ ਮੈਨੂੰ,
ਨੀ ਭੁੱਲ ਜਾਣਾ ਪਿਆਰ ਕਰਕੇ।

ਕੀਤੇ ਇਕਰਾਰ ਅੱਜ, ਸੱਭੇ ਗਈ ਭੁੱਲ ਤੂੰ
ਦੀਵਾ ਮੇਰੇ ਪਿਆਰ ਵਾਲਾ, ਕਰ ਦਿੱਤਾ ਗੁੱਲ ਤੂੰ
ਖਾਰ ਕਾਹਤੋਂ ਬਣ ਗਈ, ਹੁੰਦੀ ਹੋਈ ਫੁੱਲ ਤੂੰ
ਹੁਣ ਕਾਹਤੋਂ ਅਜ਼ਾਦ ਸਾਨੂੰ ਕੀਤਾ -
ਨੀ ਜ਼ੁਲਫਾਂ 'ਚ ਗ੍ਰਿਫਤਾਰ ਕਰਕੇ
ਕੀ ਮਿਲ ਗਿਆ.........

ਦੇਖ ਲਵੇ ਜਿਥੇ ਸਾਨੂੰ, ਕਰਲੇਂ ਤੂੰ ਪੱਲਾ ਨੀ
ਕਿਹੜੀ ਗੱਲੋਂ ਦਿੱਤਾ ਸੀ, ਨਿਸ਼ਾਨੀ ਸਾਨੂੰ ਛੱਲਾ ਨੀ
ਸਾਰੇ "ਸਾਹਨੇਵਾਲ" ਵਿਚ, ਹੋਗੀ ਹਲਾ ਲਲਾ ਨੀ
ਚੱਪੂ ਛੱਡਗੀ ਹੱਥਾਂ ਦੇ ਵਿਚੋਂ-
ਨੀ ਬੇੜੀ ਵਿਚਕਾਰ ਕਰਕੇ
ਕੀ ਮਿਲ ਗਿਆ..........

ਸਾਡੇ ਕੋਲੋਂ ਪੁੱਛੇ ਕੋਈ, ਕੀ ਏ ਸਾਡਾ ਹਾਲ ਨੀ
ਆਪਣਾ ਤੂੰ ਕਹਿ ਕੇ ਸਾਨੂੰ, ਖੇਡ ਗਈ ਚਾਲ ਨੀ
ਕਿਹੜੀ ਗੱਲੋਂ ਰਲੀ ਤੂੰ, ਬਿਗਾਨਿਆਂ ਦੇ ਨਾਲ ਨੀ
ਦਿਲ ਦਿੱਤਾ ਸੀ "ਬਲਬੀਰ" ਨੇ ਤੈਨੂੰ-
ਆਪਣਾ ਦਿਲਦਾਰ ਕਰਕੇ
ਕੀ ਮਿਲ ਗਿਆ ਬੇਵਫ਼ਾ ਤੈਨੂੰ
ਨੀ ਦਿਲ ਬੇ-ਕਰਾਰ ਕਰਕੇ........

•

## ਭਾਬੀ ਦੇ ਨੈਣਾਂ ਨੇ

ਭਾਬੀ-ਭਾਬੀ ਹਰ ਕੋਈ ਆਖੇ,
ਭਾਬੀ ਰੰਗ ਗੁਲਾਬੀ।
ਭਾਬੀ ਦੇ ਨੈਣਾਂ ਨੇ,
ਕੀਤਾ ਦਿਉਰ ਸ਼ਰਾਬੀ।

ਕੀ-ਕੀ ਸਿਫਤਾਂ ਖੋਲ੍ਹ ਸੁਣਾਵਾਂ
ਆਈ ਜਿੱਦਣ ਮੁਕਲਾਵੇ
ਰੂਪ ਓਸ ਦਾ ਕੀ ਕੁਝ ਆਖਾਂ
ਅੰਬਰੋਂ ਚੰਨ ਸ਼ਰਮਾਵੇ
ਘੁੰਡ ਦੇ ਵਿਚੋਂ ਏਦਾਂ ਜਾਪੇ
ਬਲਦੀ ਜਿਵੇਂ ਮਤਾਬੀ
ਭਾਬੀ ਦੇ ਨੈਣਾਂ ਨੇ..........

ਪਿੰਡ ਦੇ ਜੋ ਨੇ ਗਭਰੂ ਸਾਰੇ
ਰਹਿਗੇ ਹੱਕੇ-ਬੱਕੇ
ਹੰਸਾਂ ਵਾਲੀ ਤੋਰ ਜੱਟੀ ਦੀ
ਪੱਬ ਮੜਕ ਨਾਲ ਚੱਕੇ
ਸਾਉਣ ਮਹੀਨੇ ਚੀਚ-ਵਹੁਟੀ ਜਿਉਂ
ਪਾਇਆ ਸੂਟ ਅਨਾਭੀ
ਭਾਬੀ ਦੇ ਨੈਣਾਂ ਨੇ.........

ਹੂਰਾਂ ਨੂੰ ਵੀ ਮਾਤ ਪਾ ਗਈ
ਚੜ੍ਹਿਆ ਰੂਪ ਸਵਾਇਆ
ਗੋਰੇ ਪੈਰ ਮੱਖਣ ਦੇ ਪੇੜੇ

ਪੰਜੇਬਾਂ ਸ਼ੋਰ ਮਚਾਇਆ
ਲੋਕਾਂ ਭਾਣੇ ਮੋਰ ਬੋਲਦੇ
ਚੂਕੇ ਓਹਦੀ ਗੁਰਗਾਬੀ
ਭਾਬੀ ਦੇ ਨੈਣਾਂ ਨੇ........

ਪਹਿਲੇ ਤੋੜ ਦਾ ਹਾੜਾ ਇਕੋ
ਜਦੋਂ ਨੈਣਾਂ 'ਚੋਂ ਪੀਤਾ
ਬੋਤਲ ਜਿੰਨਾ ਨਸ਼ਾ ਹੋ ਗਿਆ
ਵੀਰ ਮੇਰਾ ਗੁੱਟ ਕੀਤਾ
"ਸਾਹਨੇਵਾਲੀਆ" ਖੀਵਾ ਹੋ ਗਿਆ
"ਬਲਬੀਰ" ਦੇਖ ਮੁਰਗਾਬੀ
ਭਾਬੀ ਦੇ ਨੈਣਾਂ ਨੇ
ਕੀਤਾ ਦਿਉਰ ਸ਼ਰਾਬੀ.........

•

## ਦਿਲ ਧੜਕੇ

ਪਰਲੇ ਮੋੜ ਤੇ ਹੋ ਗਏ ਟਾਕਰੇ
ਖੜ੍ਹ ਗਿਆ ਬਾਹੋਂ ਫੜਕੇ
ਹਾਏ! ਨੀ ਦਿਲ ਧੜਕੇ-ਧੜਕੇ
ਹਾਏ! ਨੀ ਦਿਲ ਧੜਕੇ-ਧੜਕੇ

ਠੋਡੀ ਨੂੰ ਹੱਥ ਲਾਕੇ ਅੜ੍ਹੀਓ
ਮੁੱਖ ਉਤਾਂਹ ਨੂੰ ਚੱਕੇ
ਅੱਖਾਂ ਦੇ ਵਿਚ ਪਾ ਕੇ ਅੱਖਾਂ
ਨੇੜੇ ਹੋ-ਹੋ ਤੱਕੇ
ਨੈਣਾਂ ਵਿਚ ਸਰੂਰ ਆ ਗਿਆ
ਇਸ਼ਕੇ ਦੀ ਬਿਜਲੀ ਕੜਕੇ
ਹਾਏ! ਨੀ ਦਿਲ........

ਨਜ਼ਰਾਂ ਗੱਡੀਆਂ ਵਿਚ ਪੈਰਾਂ ਦੇ
ਮੂੰਹੋਂ ਕੁਝ ਨਾ ਬੋਲਾਂ
ਪਿਆਰ ਓਸ ਦਾ ਤਰਲੇ ਪਾਵੇ
ਮੈਂ ਬੁੱਲ੍ਹ ਜ਼ਰਾ ਨਾ ਖੋਲ੍ਹਾਂ
ਅੰਦਰੋਂ-ਅੰਦਰੀ ਅੱਗ ਇਸ਼ਕ ਦੀ
ਮੇਰੇ ਵਿਚ ਵੀ ਭੜਕੇ
ਹਾਏ! ਨੀ ਦਿਲ........

ਚੀਚੀ ਮੇਰੀ ਫੜਕੇ "ਬਲਬੀਰ" ਜਾ
ਪਉਣ ਲੱਗਾ ਸੀ ਛੱਲਾ
ਸੋਚਾਂ ਦੇ ਵਿਚ ਡੁੱਬਗੀ ਮੈਂ ਤਾਂ
ਕਿਵੇਂ ਛੁਡਾਵਾਂ ਪੱਲਾ
ਦਿਲ ਵਿਚ ਇਹ ਵੀ ਡਰ ਬੜਾ ਸੀ
ਚਲਾ ਨਾ ਜਾਏ ਲੜਕੇ
ਹਾਏ! ਨੀ ਦਿਲ ਧੜਕੇ-ਧੜਕੇ
ਹਾਏ! ਨੀ ਦਿਲ ਧੜਕੇ-ਧੜਕੇ

•

## ਦੇਖਣ ਦੀ ਭੁੱਖ

ਵੇ ਭੁੱਖ ਤੈਨੂੰ ਦੇਖਣ ਦੀ
ਹੋਰ ਦਿਲ 'ਚ ਖਾਹਸ਼ ਨਾ ਕੋਈ।
ਯਾਦ ਤੇਰੀ ਨਿੱਤ ਹਾਣੀਆਂ
ਅਸੀਂ ਫਿਰਦੇ ਆਂ ਸੀਨੇ 'ਚ ਲਕੋਈ।

ਜਿੰਨਾ ਚਿਰ ਦੇਖ ਨਾ ਲਵਾਂ
ਉਨਾ ਚਿਰ ਨਾ ਚੈਨ ਮੈਨੂੰ ਆਵੇ
ਪੈਰ ਨਾ ਖਲੋਂਦੇ ਟਿਕ ਕੇ
ਦਿਲ ਛਾਤੀ 'ਚੋਂ ਬਾਹਰ ਨੂੰ ਜਾਵੇ
ਵੇ ਮਾਂ ਪੁੱਛੇ ਕੀ ਦੁਖਦਾ
ਦਿਨ-ਰਾਤ ਜਾਨੀ ਆਂ ਰੋਈ
ਭੁੱਖ ਤੈਨੂੰ ਦੇਖਣ ਦੀ.........

ਜਦੋਂ ਤੂੰ ਕਦੇ ਆਵੇਂ ਸਾਹਮਣੇ
ਖੜਕ ਜਾਂਦੀਆਂ ਦਿਲਾਂ ਦੀਆਂ ਤਾਰਾਂ
ਜ਼ਿੰਦਗੀ ਦੀ ਪੱਤਝੜ ਤੇ
ਕਦੋਂ ਆਉਣਗੀਆਂ ਦੱਸ ਦੇ ਬਹਾਰਾਂ
ਵੇ ਪਾਸਾ ਵੱਟ ਖੜ੍ਹ ਜਾਂਵਦਾ
ਜਦੋਂ ਸਾਹਮਣੇ ਤੇਰੇ ਮੈਂ ਹੋਈ
ਭੁੱਖ ਤੈਨੂੰ ਦੇਖਣ ਦੀ.........

ਉਮਰ ਸੀ ਅਜੇ ਸੋਲਾਂ ਸਾਲ ਦੀ
ਹੁਣੇ ਪੈ ਗੀਆਂ ਇਸ਼ਕ ਦੀਆਂ ਮਾਰਾਂ
ਵੇ ਦਿਲ ਦਾ ਕਰਾਰ ਉਡਿਆ
ਮੈਂ ਤਾਂ ਫਿਰਦੀਆਂ ਵਾਂਗ ਬੀਮਾਰਾਂ
"ਬਲਬੀਰ" ਨਾ ਤੂੰ ਲੈ ਬਦਲੇ
ਹੁਣ ਮੰਨ ਲੈ ਮੇਰੀ ਅਰਜੋਈ
ਭੁੱਖ ਤੈਨੂੰ ਦੇਖਣ ਦੀ.........

•

## ਪੱਜ ਉਗਰਾਹੀ ਦੇ

ਰੂਪ ਤੇਰੇ ਦੀਆਂ ਧੁੰਮਾਂ ਪਈਆਂ,
ਨਾਭੇ ਤੇ ਪਟਿਆਲੇ
ਨੀ ਪੱਜ ਉਗਰਾਹੀ ਦੇ
ਗੇੜੇ ਮਾਰਦੇ ਸ਼ਹਿਰ ਦੇ ਲਾਲੇ।

ਹੂਰਾਂ ਦੀ ਤੂੰ ਭੈਣ ਜਾਪਦੀ
ਚੜ੍ਹਿਆ ਰੂਪ ਸਵਾਇਆ
ਕਰਕੇ ਤੇਰਾ ਦੀਦਾਰ ਨੀ ਨੱਢੀਏ
ਪਲਟ ਜਾਂਦੀ ਆ ਕਾਇਆ
ਨਜ਼ਾਰਾ ਤੇਰੇ ਰੂਪ ਦਾ ਚੰਨੋਂ
ਕੋਈ ਕਰਨਗੇ ਨਸੀਬਾਂ ਵਾਲੇ
ਨੀ ਪੱਜ ਉਗਰਾਹੀ ਦੇ........

ਘਟਾਵਾਂ ਵਰਗੇ ਵਾਲ ਦੇਖ ਕੇ
ਬੱਦਲ ਸਾਉਣ ਦਾ ਆਵੇ
ਫੁੱਲ ਵਰਗੀ ਤੇਰੀ ਠੋਡੀ ਪਤਲੋ
ਭੌਰਾਂ ਨੂੰ ਭਰਮਾਵੇ
ਬਾਣੀਆਂ ਨੂੰ ਬਣਜ ਭੁੱਲਿਆ
ਲਾ ਗਏ ਹੱਟੀਆਂ ਨੂੰ ਤਾਲੇ
ਨੀ ਪੱਜ ਉਗਰਾਹੀ ਦੇ.......

ਤੇਰਾ ਹੀ ਨਾਉਂ ਹਰ ਚੋਬਰ ਦੇ
ਬੁੱਲ੍ਹਾਂ ਉਤੇ ਰਹਿੰਦਾ
"ਸਾਹਨੇਵਾਲੀਆ ਬਲਬੀਰ" ਕਦੇ ਵੀ
ਝੂਠ ਰਤਾ ਨ੍ਹੀਂ ਕਹਿੰਦਾ
ਨਾਜ਼ੋ ਨੀ ਤੇਰੇ ਨਖਾਰਿਆਂ ਨੇ
ਕਈ ਪੁੱਤ ਨੇ ਬਿਗਾਨੇ ਗਾਲੇ
ਨੀ ਪੱਜ ਉਗਰਾਹੀ ਦੇ........

•

## ਤੇਰੇ ਬਾਝੋਂ

ਤੇਰੇ ਬਾਝੋਂ ਸੁੰਨੇ-ਸੁੰਨੇ, ਜਾਪਣ ਚਾਰੇ ਪਾਸੇ ਵੇ।
ਦੇ ਗਿਆ ਏ ਗਮ ਸਾਨੂੰ, ਲੈ ਗਿਆ ਏਂ ਹਾਸੇ ਵੇ।

ਅੱਖੀਆਂ ਮਿਲਾ ਕੇ ਕਾਹਤੋਂ, ਅੱਖੀਆਂ ਨੇ ਫੇਰੀਆਂ
ਪਛਾਣੀਆਂ ਨਾ ਗਈਆਂ ਮੈਤੋਂ, ਰਮਜ਼ਾਂ ਇਹ ਤੇਰੀਆਂ
ਝੂਠੇ-ਮੂਠੇ ਜ਼ਾਲਮਾਂ ਕੋਈ, ਦੇ-ਦੇ ਤੂੰ ਦਿਲਾਸੇ ਵੇ
ਤੇਰੇ ਬਾਝੋਂ ਸੁੰਨੇ.........

ਫੁੱਲਾਂ ਜਹੀ ਜ਼ਿੰਦ ਤੇ ਕਿਉਂ, ਧਰੇ ਨੇ ਅੰਗਿਆਰ ਵੇ
ਅਗੇ ਈ ਸਾਨੂੰ ਹਿਜਰਾਂ ਦਾ, ਚੜ੍ਹਿਆ ਬੁਖਾਰ ਵੇ
ਭਰ-ਭਰ ਆਉਣ ਪਏ, ਨੈਣਾਂ ਵਾਲੇ ਕਾਸੇ ਵੇ
ਤੇਰੇ ਬਾਝੋਂ ਸੁੰਨੇ..........

ਜ਼ਖ਼ਮ ਜਿਗਰ ਤੇ ਹੋਇਆ, ਖੂਹ ਨਾਲੋਂ ਗਹਿਰਾ ਵੇ
ਢਲ ਗਿਆ ਐਵੇਂ ਸਾਡਾ, ਜੋਬਨ-ਦੁਪਹਿਰਾ ਵੇ
ਦਿਲ ਸਾਡਾ ਟੁੱਟਿਆ ਏ, ਵਾਂਗ ਤਾਂ ਪਤਾਸੇ ਵੇ
ਤੇਰੇ ਬਾਝੋਂ ਸੁੰਨੇ........

ਕੋਸਦੀਆਂ ਦਿਲ ਨੂੰ, ਪ੍ਰੀਤ ਕਾਹਨੂੰ ਪਾਉਣੀ ਸੀ
ਦਿਲ ਵਾਲੀ ਗੱਲ ਕਿਉਂ, "ਬਲਬੀਰ" ਨੂੰ ਸੁਣਾਉਣੀ ਸੀ
ਇਸ਼ਕੇ ਦਾ ਰੋਗ ਕਰੇ, ਤੋਲਿਆਂ ਤੋਂ ਮਾਸੇ ਵੇ
ਤੇਰੇ ਬਾਝੋਂ ਸੁੰਨੇ-ਸੁੰਨੇ ਜਾਪਣ ਚਾਰੇ ਪਾਸੇ ਵੇ।

•

## ਨਾ ਹੀ ਆਇਆ

ਜਦੋਂ ਦਾ ਤੂੰ ਗਿਆ ਚੰਨਾ
ਖਤ ਵੀ ਨਾ ਪਾਇਆ ਵੇ।
ਨਾ ਹੀ ਆਇਆ ਖਤ ਤੇਰਾ
ਨਾ ਹੀ ਤੂੰ ਆਇਆ ਵੇ।

ਦਿਲ ਦੀ ਨਿਆਈਂ ਬੂਟਾ
ਪਿਆਰ ਦਾ ਜੋ ਲਾਇਆ ਸੀ
ਆਥਣੇ-ਸਵੇਰੇ ਪਾਣੀ
ਵਸਲਾਂ ਦਾ ਪਾਇਆ ਸੀ
ਗਮਾਂ ਹਟਕੋਰਿਆਂ ਨੇ
ਉਹਨੂੰ ਏ ਸੁਕਾਇਆ ਵੇ
ਨਾ ਹੀ ਆਇਆ ਖਤ.........

ਕਈ ਵਾਰ ਛੁੱਟੀ ਆਏ
ਸਾਥੀ ਤੇਰੇ ਨਾਲ ਦੇ
ਉਨ੍ਹਾਂ 'ਚੋਂ ਨੈਣ ਸਾਡੇ
ਮਹਿਰਮਾ ਨੂੰ ਭਾਲਦੇ
ਆ ਕੇ ਤੂੰ ਸਾਡੀ ਕੇਰਾਂ
ਪਲਟ ਦੇ ਕਾਇਆ ਵੇ
ਨਾ ਹੀ ਆਇਆ ਖਤ..........

ਕਿਹੜਾ ਕਸੂਰ "ਬਲਬੀਰ"
ਹੋਇਆ ਜੋ ਨਿਮਾਣੀ ਤੋਂ
ਆਪੇ ਤੂੰ ਹਿਸਾਬ ਲਾ ਲੈ
ਕੀ ਹਾਲ ਬਿਨ ਹਾਣੀ ਤੋਂ
ਕਿਸ ਚੰਦਰੀ ਨੇ ਤੇਰਾ
ਚਿੱਤ ਭਰਮਾਇਆ ਵੇ
ਨਾ ਹੀ ਆਇਆ ਖਤ........

•

## ਲੱਗੀਆਂ ਦੇ ਬੋਲ

ਨੈਣ ਰਾਹਾਂ 'ਚ ਵਿਛਾਵਾਂ
ਸਦਾ ਗੀਤ ਤੇਰੇ ਗਾਵਾਂ
ਮੈਨੂੰ ਇਕ ਵਾਰੀ ਦਰਸ
ਦਿਖਾ ਜਾ ਹਾਣੀਆਂ
ਬੋਲ ਲੱਗੀਆਂ ਦੇ ਆਣ
ਕੇ ਪੁਗਾ ਜਾ ਹਾਣੀਆਂ

ਤੇਰੇ ਆਉਣ ਦੀ ਢੋਲਾ ਵੇ
ਕਿਤੋਂ ਮਿਲੀ ਨਾ ਕਨਸੋ
ਨਿੱਤ ਤੱਕਾਂ ਤੇਰੀਆਂ ਰਾਹਾਂ
ਵੇ ਮੈਂ ਕੋਠੇ ਤੇ ਖਲੋ
ਨੈਣ ਤੱਕਦੇ ਪਏ ਨੇ
ਤੈਨੂੰ ਸੁਹਣਿਆਂ ਵੇ ਦੋ
ਜੁਆਨੀ ਮੱਖਣਾਂ ਦੀ ਪਲੀ
ਨੂੰ ਹੰਢਾ ਜਾ ਹਾਣੀਆਂ
ਬੋਲ ਲੱਗੀਆਂ ਦੇ.........

ਗੋਰੇ ਮੁਖੜੇ ਤੇ ਹੰਝੂਆਂ
ਪਾ ਦਿੱਤੀਆਂ ਲਕੀਰਾਂ
ਸੱਚੇ ਰੱਬ ਨੇ ਇਹ ਕੀ
ਸਾਡੀਆਂ ਲਿਖੀਆਂ ਤਕਦੀਰਾਂ
ਸਾਡਾ ਹਾਲ ਤਾਂ ਹੋਇਆ ਏ
ਚੰਨਾਂ ਵਾਂਗ ਵੇ ਫਕੀਰਾਂ
ਸਾਡੇ ਦੁਖੜੇ ਤੂੰ ਆਣ ਕੇ
ਵੰਡਾ ਜਾ ਹਾਣੀਆਂ
ਬੋਲੀ ਲੱਗੀਆਂ ਦੇ..........

ਪੌਂਦਾ ਧਰਤ ਦਿਲੇ ਦੀ
ਅਸਾਂ ਇਕ ਸੀ ਵੇ ਲਾਇਆ
ਖੂਹ ਜੋੜ ਕੇ ਨੈਣਾਂ ਦਾ
ਉਹਨੂੰ ਪਾਣੀ ਸੀ ਵੇ ਪਾਇਆ
ਤੂੰ ਤਾਂ ਚਲਿਆ ਗਿਆ ਉਦੋਂ
ਜਦੋਂ ਬੂਰ ਸੀਗਾ ਆਇਆ
"ਬਲਬੀਰ" ਭੁੱਲ-ਭੁਲੇਖੇ
ਫੇਰਾ ਪਾ ਜਾ ਹਾਣੀਆਂ
ਬੋਲ ਲੱਗੀਆਂ ਦੇ
ਆਣ ਕੇ ਪੁਗਾ ਜਾ ਹਾਣੀਆਂ

•

## ਗਿੱਧੇ ਦੀ ਰਾਣੀ

ਪੈਰੀਂ ਤੇਰੇ ਝਾਂਜਰ ਛਣਕੇ
ਗਲ ਵਿਚ ਸੁੰਹਦੀ ਗਾਨੀ
ਉਠ ਕੇ ਨੱਚ ਲੈ ਨੀ
ਬਣ ਜਾ ਗਿੱਧੇ ਦੀ ਰਾਣੀ

ਜਦੋਂ ਦੀ ਤੂੰ ਆਈ
ਕਦੇ ਨੱਚ ਕੇ ਦਿਖਾਇਆ ਨਾ
ਸੰਗਾਂ-ਸ਼ਰਮਾਂ ਦਾ ਘੁੰਡ
ਮੁੱਖੜੇ ਤੋਂ ਲਾਹਿਆ ਨਾ
ਅੱਜ ਕਰ ਦੇ ਕਮਾਲ
ਪਾ ਦੇ ਮੋਰਾਂ ਵਾਂਗ ਪੈਲ
ਦੰਗ ਰਹਿਜੇ ਦੇਖਕੇ ਜਠਾਣੀ
ਉਠਕੇ ਨੱਚ ਲੈ ਨੀ.........

ਆਪਣੇ ਆਪ ਨੂੰ ਅਸਾਂ
ਘੱਟ ਨਾ ਕਹਾਉਣਾ ਨੀ
ਇਕੋ ਇਕ ਦਿਉਰ ਤੇਰਾ
ਨਿੱਤ ਨਾ ਵਿਆਹੁਣਾ ਨੀ
ਪਾ ਦੇ ਸਭਨਾਂ ਨੂੰ ਮਾਤ
ਭਾਵੇਂ ਲੰਘੇ ਸਾਰੀ ਰਾਤ
ਅੱਜ ਸਾਰੀਆਂ ਤੇ ਧਾਂਕ ਬਿਠਾਣੀ
ਉਠ ਕੇ ਨੱਚ ਲੈ ਨੀ.........

ਵਿਆਹ "ਬਲਬੀਰ" ਦਾ
ਤੂੰ ਸ਼ਗਨ ਮਨਾ ਲੈ ਨੀ
ਨੱਚਦੀਆਂ ਸਭੇ
ਤੂੰ ਵੀ ਹਿੱਸਾ ਪਾ ਲੈ ਨੀ
ਫੜ ਕੇ ਹੱਥ 'ਚ ਰੁਮਾਲ
ਪਾ ਦੇ ਜਾ ਕੇ ਧਮਾਲ
ਹੁਣ ਛੱਡਦੇ ਤੂੰ ਜ਼ਿੱਦ ਦੀ ਕਹਾਣੀ
ਉਠ ਕੇ ਨੱਚ ਲੈ ਨੀ
ਬਣ ਜਾ ਗਿੱਧੇ ਦੀ ਰਾਣੀ

•

## ਯਾਰੀ ਦੇ ਕੀਰਨੇ

ਟੁੱਟੀ ਯਾਰੀ ਦੇ ਕੀਰਨੇ ਪਾਵਾਂ
ਨੈਣ ਵਗਦੇ ਵਾਂਗ ਦਰਿਆਵਾਂ
ਵੇ ਨਾਲੇ ਮੈਂ ਕੱਤਾਂ ਚਰਖਾ

ਤ੍ਰਿੰਵਣਾਂ 'ਚ ਕਤਦੀ ਨੂੰ ਯਾਦ ਤੇਰੀ ਆ ਗਈ
ਮਚਦੀ ਹੋਈ ਅੱਗ ਉਤੇ ਤੇਲ ਹੋਰ ਪਾ ਗਈ
ਕਿਹੜੀ ਗਲਤੀ ਹੋ ਗਈ ਸਾਥੋਂ
ਕਿਉਂ ਦੱਸ ਕੇ ਗਿਆ ਨਾ ਸਿਰਨਾਵਾਂ
ਵੇ ਨਾਲੇ ਮੈਂ ਕੱਤਾਂ ਚਰਖਾ..........

ਜੇ ਤੂੰ ਇਉਂ ਕਰਨੀ ਸੀ ਪਿਆਰ ਕਿਉਂ ਪਾਉਣਾ ਸੀ
ਬਣਾ ਕੇ ਪ੍ਰੀਤ-ਮੰਦਰ ਫਿਰ ਕਾਹਨੂੰ ਢਾਉਣਾ ਸੀ
ਅੱਧ 'ਚ ਛੱਡ ਗਿਐਂ ਜਾਲਮਾਂ
ਸਾਨੂੰ ਦਿਖਾ ਕੇ ਪਿਆਰ ਦੀਆਂ ਰਾਹਵਾਂ
ਵੇ ਨਾਲੇ ਮੈਂ ਕੱਤਾਂ ਚਰਖਾ.........

ਵਿਛੋੜੇ ਵਾਲੀ ਅੱਗ 'ਚ ਭੁੱਜ ਗਏ ਮੇਰੇ ਹੱਡ ਵੇ
ਯਾਦ ਤੇਰੀ ਦਿਲ ਵਿਚੋਂ ਨਹੀਂ ਹੁੰਦੀ ਕੱਢ ਵੇ
"ਸਾਹਨੇਵਾਲੀਏ" ਨੂੰ ਕਿਕੁਣ ਸਮਝਾਵਾਂ
ਵੇ ਨਾਲੇ ਮੈਂ ਕੱਤਾਂ ਚਰਖਾ.........
ਟੁੱਟੀ ਯਾਰੀ ਦੇ ਕੀਰਨੇ ਪਾਵਾਂ.........

•

## ਜਾਈਂ ਨਾ ਗਿੱਧੇ 'ਚੋਂ

ਜਿਹੜੇ ਪਤਣੋਂ ਅਜ ਲੰਘਣਾ ਪਾਣੀ,
ਫੇਰ ਨਾ ਆਊ ਭਲਕੇ।
ਨੱਚ ਕੇ ਦਿਖਾ ਦੇ ਭਾਬੀਏ,
ਜਾਈਂ ਨਾ ਗਿੱਧੇ 'ਚੋਂ ਟੱਲਕੇ।

ਲੌਂਗ ਤਾਂ ਤੇਰਾ ਏਦਾਂ ਚਮਕੇ
ਜਿਉਂ ਸਰਘੀ ਦਾ ਤਾਰਾ
ਭੂੰਡ-ਪਤੰਗੇ ਸੜ ਜਾਣਗੇ
ਸਿਹਾ ਨਾ ਜਾਊ ਚਮਕਾਰਾ
ਪਹੁੰਚ ਜਾਣਗੇ ਜੰਨਤ ਅੰਦਰ
ਜਾਣਗੇ ਜਿਹੜੇ ਜਲ਼ ਕੇ
ਨੱਚ ਕੇ ਦਿਖਾ ਦੇ ਭਾਬੀਏ.........

ਦਿਉਰ ਤੇਰੇ ਦਾ ਵਿਆਹ ਏ ਭਾਬੀ
ਤੈਨੂੰ ਖੁਸ਼ੀ ਨਾ ਕੋਈ
ਇਕ ਵਾਰ ਤੂੰ ਦੱਸ ਦੇ ਬੋਲ ਕੇ
ਕਾਹਤੋਂ ਫਿਰੇ ਗੁੱਸੇ ਹੋਈ
ਦੋਨੋਂ ਭਰਜਾਈਆਂ ਕੂੰਜਾਂ ਦੀ ਜੋੜੀ
ਦੇ ਦਿਉ ਗੇੜਾ ਰਲ ਕੇ
ਨੱਚ ਕੇ ਦਿਖਾ ਦੇ ਭਾਬੀਏ.........

ਦੇਖ ਲੈ ਭਾਬੀ ਦਿਉਰ ਲਾਡਲਾ
ਕਿਕੁਣ ਅਰਜ਼ ਗੁਜਾਰੇ
ਕਾਹਨੂੰ ਫਿਰੇ ਮੱਥੇ ਵੱਟ ਪਾਈ
ਸਮਝ ਜ਼ਰਾ ਇਸ਼ਾਰੇ
ਖੂਹ ਤੋਂ ਪਾਣੀ ਬੰਦ ਕਰਾਦੂੰ
ਭਲਕੇ ਲਵਾਦੂੰ ਨਲਕੇ
ਨੱਚ ਕੇ ਦਿਖਾ ਦੇ ਭਾਬੀਏ.........

ਸਾਰੇ "ਸਾਹਨੇਵਾਲ" 'ਚੋਂ ਤੇਰਾ
ਲਗਦਾ ਨ੍ਹੀਂ ਕੋਈ ਸਾਨੀ
ਨੱਚ-ਨੱਚ ਵਿਹੜਾ ਕਰਦੇ ਨੀਵਾਂ
ਛਾ ਜਾਏ ਸਾਰੇ ਹੈਰਾਨੀ
"ਬਲਬੀਰ" ਦੇ ਦਿਲ ਤੇ ਹੱਥ ਰਖਾ ਦੇ
ਚਾਲ ਮੋਰ ਦੀ ਚਲ ਕੇ
ਨੱਚ ਕੇ ਦਿਖਾ ਦੇ ਭਾਬੀਏ
ਜਾਈਂ ਨਾ ਗਿੱਧੇ 'ਚੋਂ ਟਲਕੇ.........

•

## ਸਾਡੇ ਜਿਗਰ ਉਤੇ

ਖਾਨਾ ਇਸ਼ਕ ਨੇ ਤਾਂ ਕੀਤਾ ਏ ਖਰਾਬ ਗੋਰੀਏ
ਸਾਡੇ ਜਿਗਰ ਉਤੇ ਛਿੜਕਿਆ ਤਿਜ਼ਾਬ ਗੋਰੀਏ

ਮੈਂ ਤਾਂ ਤੇਰੇ ਪਿਛੇ ਵੈਰਨੇ ਫਕੀਰ ਹੋ ਗਿਆ
ਮੇਰਾ ਤਨ, ਮਨ ਸਭ ਲੀਰੋ-ਲੀਰ ਹੋ ਗਿਆ
ਮੇਰਾ ਦਿਲ ਪ੍ਰਚਾਵਾ ਤੇਰੇ ਖੁਆਬ ਗੋਰੀਏ
ਖਾਨਾ ਇਸ਼ਕ ਨੇ ਤਾਂ.........

ਤੇਰੇ ਬਾਝੋਂ ਅਸਾਂ ਸ਼ਰਾਬ ਦਾ ਸਹਾਰਾ ਲੈ ਲਿਆ
ਦੋ ਘੜੀ ਤੇਰੀ ਜ਼ੁਲਫ਼ਾਂ ਦੀ ਛਾਂਵੇਂ ਬਹਿ ਲਿਆ
ਉਠ ਖੜੇ ਜਦੋਂ ਦਿੱਤਾ ਤੂੰ ਜਵਾਬ ਗੋਰੀਏ
ਸਾਡੇ ਜਿਗਰ ਉਤੇ.........

ਜਿਉਂਦੀ ਰਹਿ ਨੀ ਤੂੰ ਸਾਨੂੰ ਦਗਾ ਦੇਣ ਵਾਲੀਏ
ਸੂਰਤ ਦੀਏ ਸੁਹਣੀਏ ਦਿਲਾਂ ਦੀਏ ਕਾਲੀਏ
ਤੈਤੋਂ ਮੰਗਾਂ ਨਾ ਮੈਂ ਕਦੇ ਵੀ ਹਿਸਾਬ ਗੋਰੀਏ
ਖਾਨਾ ਇਸ਼ਕ ਨੇ ਤਾਂ.........

ਭਾਵੇਂ ਦਿੱਤਾ ਏ ਦਗਾ ਤਾਂ ਵੀ ਬੇਵਫ਼ਾ ਨਾ ਕਹਾਂ
ਤੇਰੇ ਹਿਜਰਾਂ ਦੇ ਵਿਚ ਨੀ ਦੁੱਖ ਸੈਂਕੜੇ ਸਹਾਂ
ਦਿਲ "ਬਲਬੀਰ" ਦਾ ਤਾਂ ਹੋ ਗਿਆ ਕਬਾਬ ਗੋਰੀਏ
ਖਾਨਾ ਇਸ਼ਕ ਨੇ ਤਾਂ ਕੀਤਾ ਏ ਖਰਾਬ ਗੋਰੀਏ
ਸਾਡੇ ਜਿਗਰ ਉਤੇ ਛਿੜਕਿਆ ਤਿਜ਼ਾਬ ਗੋਰੀਏ

•

## ਰੁਮਾਲ ਨਿਸ਼ਾਨੀ

ਜੋ ਤੂੰ ਦਿਤਾ ਏ ਰੁਮਾਲ ਨਿਸ਼ਾਨੀ,
ਮੈਂ ਘੁੱਟ-ਘੁੱਟ ਲਾਵਾਂ ਹਿੱਕ ਨੂੰ।

ਇਕ ਗਿੱਠ ਲੀਰ ਤੇਰੀ, ਸਾਡੀ ਜ਼ਿੰਦ-ਜਾਨ ਵੇ
ਇਹ ਵੀ ਇਕ ਤੇਰਾ, ਸਾਡੇ ਉਤੇ ਅਹਿਸਾਨ ਵੇ
ਤੇਰੀ ਇੰਨੀਉਂ ਬੜੀ ਮਿਹਰਵਾਨੀ
ਵੇ ਘੁੱਟ-ਘੁੱਟ.........

ਦੇਖ-ਦੇਖ ਏਸ ਨੂੰ ਮੈਂ, ਚੱਤੋ ਪਹਿਰ ਰੋਵਾਂ ਵੇ
ਹੰਝੂਆਂ ਦੇ ਸੰਗ ਏਹਨੂੰ, ਨਿੱਤ ਹੀ ਮੈਂ ਧੋਵਾਂ ਵੇ
ਮੈਨੂੰ ਆਖਦੇ ਨੇ ਲੋਕ ਦੀਵਾਨੀ
ਵੇ ਘੁੱਟ-ਘੁੱਟ.........

ਕਿਹੜੀ ਗੱਲੋਂ ਕਿਹਾ ਤੂੰ, ਰੁਮਾਲ ਸਾਡਾ ਮੋੜ ਦੇ
ਲੱਗੀਆਂ ਦੇ ਤੰਦ ਜਿਹੜੇ, ਅੱਧ ਵਿਚੋਂ ਤੋੜ ਦੇ
ਇਹ ਕਿਉਂ ਆਖਿਆ, "ਬਲਬੀਰ" ਦਿਲ ਜਾਨੀ
ਵੇ ਘੁੱਟ-ਘੁੱਟ ਲਾਵਾਂ ਹਿੱਕ ਨੂੰ
ਜੋ ਤੂੰ ਦਿੱਤਾ ਏ ਰੁਮਾਲ ਨਿਸ਼ਾਨੀ.........

•

## ਤੇਰੇ ਪਿਛੇ ਲੱਗ

ਗੋਰੇ ਰੰਗ ਤੋਂ ਪੈ ਗਿਆ ਪੀਲਾ
ਮੈਂ ਸੁੱਕ ਕੇ ਹੋ ਗਿਆ ਤੀਲ੍ਹਾ
ਨੀ ਤੇਰੇ ਪਿਛੇ ਲੱਗ ਵੈਰਨੇ

ਮਜਨੂੰ ਦੇ ਵਾਂਗ ਮੇਰਾ, ਖੋਲ਼ਿਆਂ 'ਚ ਵਾਸਾ ਨੀ
ਦੁਨੀਆ ਦੇ ਭਾਣੇ ਮੈਂ, ਬਣਿਆ ਤਮਾਸ਼ਾ ਨੀ
ਡਾਢੇ ਰੱਬ ਦੀ ਦੇਖ ਲੈ ਲੀਲਾ
ਤੇਰੇ ਪਿਛੇ ਲੱਗ ਵੈਰਨੇ.........

ਤਨ, ਮਨ ਮੇਰਾ ਸਭ, ਹੋ ਗਿਆ ਜਿਬ੍ਹਾ ਨੀ
ਮਿਲਿਆ ਨਾ ਸਾਨੂੰ ਕੋਈ, ਜ਼ਖ਼ਮ ਜ਼ਰਾਹ ਨੀ
ਸਾਡਾ ਕਰਦੇ ਅਜੇ ਵੀ ਹੀਲਾ
ਤੇਰੇ ਪਿਛੇ ਲੱਗ ਵੈਰਨੇ.........

ਮਾਰ ਸੁੱਟਿਆ ਤੂੰ, "ਬਲਬੀਰ" ਵਿਚਾਰਾ ਨੀ
ਛੱਡਿਆ ਏ ਜਿਸਨੇ, ਤਖਤ ਹਜ਼ਾਰਾ ਨੀ
ਨਾਲੇ ਛੱਡ ਦਿੱਤਾ, ਕੁੱਲ-ਕਬੀਲਾ
ਤੇਰੇ ਪਿਛੇ ਲੱਗ ਵੈਰਨੇ
ਮੈਂ ਸੁੱਕ ਕੇ ਹੋ ਗਿਲੀ ਤੀਲ੍ਹਾ.........

•

## ਦਿਲ ਵਾਲੀ ਘੁੰਡੀ

ਨੀ ਮੈਂ ਹਕੀਮ ਨੂੰ ਬੁਲਾਵਾਂ
ਤੇਰੀ ਨਬਜ਼ ਦਿਖਾਵਾਂ
ਮੇਰੇ ਨਾਲ ਤੂੰ ਭਾਬੀਏ, ਕਿਉਂ ਨਾ ਬੋਲਦੀ
ਘੁੰਡੀ ਦਿਲ ਵਾਲੀ, ਦੱਸ ਦੇ ਕਾਹਤੋਂ ਨਾ ਖੋਲ੍ਹਦੀ

ਭਾਬੀ ਦਿਲ ਵਿਚ ਦੱਸ ਦੇ ਤੂੰ, ਕੀ ਏ ਸੋਚਿਆ
ਮੇਰੇ ਕਾਲਜੇ ਨੂੰ ਐਵੇਂ, ਖਾਹਮਖਾਹ ਏ ਨੋਚਿਆ
ਤੂੰ ਫੁੱਲਾਂ ਜਿਹੀ ਜਿੰਦੜੀ ਨੂੰ ਕਾਹਤੋਂ ਰੋਲਦੀ
ਘੁੰਡੀ ਦਿਲ ਵਾਲੀ ਦੱਸ ਦੇ ਕਾਹਤੋਂ ਨਾ ਖੋਲਦੀ.........

ਜੋ ਤੂੰ ਆਖਦੀ ਏਂ ਭਾਬੀ, ਮੈਂ ਉਹੋ ਈ ਕਰਾਂ
ਜੇ ਤੂੰ ਰੱਖੇ ਗੁੱਸੇ-ਗਿਲੇ, ਨੀ ਮੈਂ ਜਿਉਂਦਾ ਈ ਮਰਾਂ
ਮੇਰੀ ਗੱਲ ਨੂੰ ਭਰਜਾਈ, ਤੂੰ ਕਿਉਂ ਨਾ ਗੌਲਦੀ
ਘੁੰਡੀ ਦਿਲ ਵਾਲੀ ਦੱਸ ਦੇ ਕਿਉਂ ਨਾ ਖੋਲ੍ਹਦੀ
ਮੇਰੇ ਨਾਲ ਤੂੰ ਭਾਬੀਏ ਕਿਉਂ ਨਾ ਬੋਲਦੀ..........

ਡੇਰੇ ਸਾਧਾਂ ਦਿਉਂ ਜਾ ਕੇ, ਧਾਗੇ-ਤਾਬੀਤ ਕਰਾ ਦਿਆਂ
ਤੇਰੇ ਇਕ ਬੋਲ ਤੇ, ਹਕੀਮਾਂ ਦੀਆਂ ਲਾਈਨਾਂ ਲਾ ਦਿਆਂ
"ਬਲਬੀਰ" ਸੱਟ ਨਾ ਸਹੇ ਭਾਬੀ, ਇਕ ਚੌਲ ਦੀ
ਘੁੰਡੀ ਦਿਲ ਵਾਲੀ ਦੱਸ ਦੇ ਕਾਹਤੋਂ ਨਾ ਖੋਲ੍ਹਦੀ..........
ਮੇਰੇ ਨਾਲ ਤੂੰ ਭਾਬੀਏ, ਕਿਉਂ ਨਾ ਬੋਲਦੀ

•

## ਚਿੱਠੀ ਨਾ ਪਾਈ

ਸ਼ਾਲਾ ! ਨੀ ਤੂੰ ਮਰੇ ਡੁੱਬ ਕੇ,
ਲਾਰਾ ਲਾ ਮੁੜ ਕੇ ਨਾ ਆਈ।
ਨੀ ਕੀ ਤੇਰੇ ਹੱਥ ਟੁੱਟਗੇ
ਕਦੇ ਭੁੱਲ ਕੇ ਚਿੱਠੀ ਨਾ ਪਾਈ।

ਜ਼ੁਲਫ਼ਾਂ ਦਾ ਜਾਲ ਸੁੱਟ ਕੇ
ਵਿਚ ਚੋਗ ਤੂੰ ਹੁਸਨ ਦਾ ਪਾਇਆ
ਅੱਲ੍ਹੜ ਅਜ਼ਾਦ ਪੰਛੀ ਨੂੰ
ਲਾਹ ਅੰਬਰੋਂ ਧਰਤ ਪਟਕਾਇਆ
ਕੰਧਾਂ ਨਾਲ ਮਾਰਾਂ ਟੱਕਰਾਂ
ਮੈਨੂੰ ਆਖਦੇ ਨੇ ਲੋਕ ਸ਼ੁਦਾਈ
ਨੀ ਕੀ ਤੇਰੇ ਹੱਥ ਟੁੱਟਗੇ..........

ਕਿਵੇਂ ਹਾਂ ਮੈਂ ਰਾਤਾਂ ਕੱਟਦਾ
ਤਾਰੇ ਅਜ ਵੀ ਗੁਵਾਹੀਆਂ ਭਰਦੇ
ਨੈਣਾਂ ਵਿਚ ਨੀਂਦਰ ਦੀ ਥਾਂ
ਦੇਖ ਮੋਤੀ ਹੰਝੂਆਂ ਦੇ ਤਰਦੇ
ਨੀ ਸਬਰ ਕਰਾਰ ਮੁਕਿਆ
ਸਾਨੂੰ ਚੈਨ ਨਾ ਕਦੇ ਵੀ ਆਈ
ਕੀ ਤੇਰੇ ਹੱਥ ਟੁੱਟਗੇ.........

ਕਿਉਂ ਨਾ ਮੁੜ ਖਬਰ ਲਈ
ਤੂੰ ਧਰ ਚੰਗਿਆੜੀ ਕੱਖੀਂ

ਦੀਦਾਰ ਤੇਰਾ ਮੁੱਲ ਲੈ ਲਵਾਂ
ਸਾਨੂੰ ਮਿਲ ਜੇ ਹਜ਼ਾਰੀਂ ਚਾਹੇ ਲੱਖੀਂ
ਨੀ ਤੇਰੇ ਪਿਛੇ ਲੱਗ ਵੈਰਨੇ
ਅਸੀਂ ਛੱਡਤੀ ਵਿਚੇ ਈ ਪੜ੍ਹਾਈ
ਕੀ ਤੇਰੇ ਹੱਥ ਟੁੱਟਗੇ..........

ਇਸ਼ਕੇ ਦਾ ਬੂਟਾ ਸੁੱਕਿਆ
ਇਹੇ ਤੇਰੇ ਨੇ ਹਿਜਰ ਦੇ ਕਾਰੇ
ਸਭ ਕੁਝ ਲੂਹ ਹੋ ਗਿਆ
ਨਿੱਤ ਦੁਖਦੇ ਨੈਣ ਦੁਖਿਆਰੇ
"ਬਲਬੀਰ" ਜਿਹੜਾ "ਸਾਨੇਵਾਲੀਆ"
ਰੋਜ਼ ਪਾਵੇ ਤੇਰੀ ਗਲੀ 'ਚ ਦੁਹਾਈ
ਨੀ ਕੀ ਤੇਰੇ ਹੱਥ ਟੁੱਟਗੇ
ਕਦੇ ਭੁੱਲ ਕੇ ਚਿਠੀ ਨਾ ਪਾਈ।

•

## ਕਾਹਤੋਂ ਦੂਰ ਦੂਰ ਹੁੰਦੀ

ਨੀ ਤੂੰ ਨੇੜੇ ਹੁੰਦੀ-ਸੁੰਦੀ
ਕਾਹਤੋਂ ਦੂਰ-ਦੂਰ ਹੁੰਦੀ
ਸਾਨੂੰ ਏਦਾਂ ਨਾ ਨੀ ਮਾਰ
ਦਿਲ ਤੰਗ ਹੋ ਗਿਆ
ਮੈਂ ਤਾਂ ਤੇਰੇ ਪਿਛੇ ਪਾਪਣੇ
ਮਲੰਗ ਹੋ ਗਿਆ

ਲਾ ਕੇ ਕੋਈ ਮੈਂ ਬਹਾਨਾ
ਲੰਘਾਂ ਤੇਰੇ ਕੋਲ ਦੀ
ਤੂੰ ਆਪੇ ਕੀ ਬੁਲਾਣਾ
ਬੁਲਾਇਆਂ ਵੀ ਨਾ ਬੋਲਦੀ
ਪੁੱਤ ਗੱਭਰੂ ਜੱਟਾਂ ਦਾ
ਸੂਲੀ ਟੰਗ ਹੋ ਗਿਆ
ਨੀ ਮੈਂ ਤੇਰੇ ਪਿਛੇ..........

ਸਾਡੇ ਬੁੱਲ੍ਹਾਂ ਦੇ ਨਾਲ
ਸਾਡੇ ਹਾਸੇ ਰੁੱਸ ਗਏ
ਜਿੰਨੇ ਖੁਸ਼ੀਆਂ ਦੇ ਖਜ਼ਾਨੇ
ਉਹੋ ਸਭੇ ਖੁੱਸ ਗਏ
ਸਾਡਾ ਸੋਨੇ ਜਿਹੇ ਸਰੀਰ
ਦੇਖ ਕਰੰਗ ਹੋ ਗਿਆ
ਨੀ ਮੈਂ ਤੇਰੇ ਪਿਛੇ..........

ਨੈਣ ਕਰਦੇ ਨੇ ਗੱਲਾਂ
ਮੂੰਹੋਂ ਗੱਲ ਹੋਈ ਨਾ

ਰਹਾਂ ਦਿਨੇ-ਰਾਤੀ ਰੋਂਦਾ
ਹੋਰ ਕੰਮ ਕੋਈ ਨਾ
ਮੁੰਡਾ ਅੱਲ੍ਹੜ ਸਪੇਰਾ
ਐਸਾ ਡੰਗ ਹੋ ਗਿਆ
ਨੀ ਮੈਂ ਤੇਰੇ ਪਿਛੇ..........

ਦੂਰੋਂ ਹੱਸ-ਹੱਸ ਵੇਖੇਂ
ਨੇੜੇ ਨੀਵੀਂ ਪਾਂਵਦੀ
ਫਿਰੇ ਸੱਟ ਖਾਧੀ ਸੱਪਣੀ
ਜਿਉਂ ਵਲ ਖਾਂਵਦੀ
"ਬਲਬੀਰ" ਰੂਪ ਦੀ ਸ਼ਮਾ
ਤੇ ਪਤੰਗ ਹੋ ਗਿਆ
ਨੀ ਮੈਂ ਤੇਰੇ ਪਿਛੇ ਪਾਪਣੇ
ਮਲੰਗ ਹੋ ਗਿਆ

•

## ਗੱਡੀ ਥੱਲੇ

ਵੇ ਗੱਡੀ ਥੱਲੇ ਆ ਜਾਊਂਗੀ
ਮੈਂ ਤੇਰਿਆਂ ਦੁੱਖਾਂ ਦੀ ਮਾਰੀ।
ਹੁਣ ਕਾਹਨੂੰ ਫਿਰੇ ਛੁਪਦਾ
ਪਾ ਕੇ ਪਿੰਡ ਦੀ ਕੁੜੀ ਨਾਲ ਆੜੀ।

ਖੰਭ ਲਾ ਕੇ ਨੀਂਦ ਉਡ ਗਈ
ਮੈਨੂੰ ਭੁੱਲ ਗਿਆ ਕਿਵੇਂ ਸ਼ਰਮਾਣਾ
ਵੇ ਗਲੀਆਂ 'ਚ ਫਿਰਦੇ ਦਾ
ਤੇਰਾ ਤ੍ਰਿੰਞਣਾਂ 'ਚ ਬੋਲ ਪਛਾਣਾਂ
ਸਹੇਲੀਆਂ ਨੇ ਦੇਖ ਲਿਆ
ਤੇਰਾ ਭੇਜਿਆ ਸੂਟ ਨਸਵਾਰੀ
ਵੇ ਗੱਡੀ ਥੱਲੇ ਆ ਜਾਊਂਗੀ..........

ਯਾਰੀ ਤੇਰੀ ਰਾਸ ਨਾ ਆਈ
ਬਣ ਜ਼ਹਿਰ ਜਿਗਰ ਤੇ ਬਹਿਗੀ
ਮੈਂ ਪੱਟੀ ਤੇਰੇ ਲੱਡੂਆਂ ਨੇ
ਸਾਡੀ ਜ਼ਿੰਦੜੀ ਦੁਖਾਂ 'ਚ ਪੈਗੀ
ਯਾਦ ਕਰ ਰੋਇਆ ਕਰੇਂਗਾ
ਜਦ ਜੱਗ 'ਚੋਂ ਮਾਰਗੀ ਉਡਾਰੀ
ਵੇ ਗੱਡੀ ਥਲੇ ਆ ਜਾਊਂਗੀ..........

ਅੰਤ ਪਛਤਾਉਂਦੇ ਨੇ ਉਹੋ
ਲੈਂਦੇ ਮੌਕੇ ਦਾ ਫਾਇਦਾ ਨਾ ਜਿਹੜੇ
"ਬਲਬੀਰ" ਨਾ ਬੁਲਾਇਆ ਬੋਲਦੈਂ
ਟੁੱਟੀ ਯਾਰੀ ਤੋਂ ਮਾਰੇਂਗਾ ਗੇੜੇ
ਲੋਕਾਂ ਨੂੰ ਪਿਆਰੀ ਜ਼ਿੰਦੜੀ
ਸਾਨੂੰ ਲਗਦੀ ਏ ਮੌਤ ਪਿਆਰੀ
ਵੇ ਗੱਡੀ ਥੱਲੇ ਆ ਜਾਊਂਗੀ
ਮੈਂ ਤੇਰਿਆਂ ਦੁੱਖਾਂ ਦੀ ਮਾਰੀ..........

•

## ਚਰਨੋਂ

ਵਿਆਹ ਦੇ ਗਿੱਧੇ 'ਚ ਆ ਗਈ ਚਰਨੋਂ,
ਉਹਦੀ ਚਾਨਣੀ ਲੌਂਗ ਦੀ ਮਾਰੇ।
ਬਈ ਪਿੰਡਾਂ ਵਿਚ ਹੋਈ ਚਰਚਾ
ਕਹਿੰਦੇ ਕਿਥੋਂ ਨੇ ਪੈਂਦੇ ਲਿਸ਼ਕਾਰੇ।

ਨੱਚ-ਨੱਚ ਕਮਾਣ ਜਿਉਂ, ਦੂਹਰੀ ਪਈ ਹੁੰਦੀ ਏ
ਅੰਗ-ਅੰਗ 'ਚੋਂ ਜੁਆਨੀ, ਮਣਾਂ ਮੂੰਹੀ ਚੋਂਦੀ ਏ
ਗਰਮੀ ਜੇਠ ਹਾੜ ਵਾਲੀ, ਮੂੰਹ ਉਹਦਾ ਧੋਂਦੀ ਏ
ਸਾਰੇ ਪਿੰਡ 'ਚੋਂ ਰਕਾਨ
ਨਿਰੀ ਮਹਿਕ ਦੀ ਦੁਕਾਨ
ਕਰੇ ਦਿਲ ਬੇਈਮਾਨ
ਕਈ ਲੁਟ ਲੇ ਉਹਨੇ ਬਣਜਾਰੇ
ਬਈ ਪਿੰਡਾਂ 'ਚ..........

ਹਿੱਕ ਨੂੰ ਉਭਾਰ ਕੇ, ਮਰੋੜੇ ਉਹੋ ਖਾਂਵਦੀ
ਠੁਮਕੇ ਤੇ ਠੁਮਕਾ, ਅਜ ਉਹੋ ਲਾਂਵਦੀ
ਮਚਦੀ ਹੋਈ ਅੱਗ ਉਤੇ, ਤੇਲ ਹੋਰ ਪਾਂਵਦੀ
ਮਾਰੇ ਮਿਰਗ ਜਿਉਂ ਛਾਲ
ਉਹਦੇ ਖੁੱਲ੍ਹ ਗਏ ਵਾਲ
ਰਲੀ ਮਸਿਆ ਦੇ ਨਾਲ
ਨ੍ਹੀਂ ਭੁੱਲਣੇ ਲੱਕ ਦੇ ਹੁਲਾਰੇ
ਬਈ ਪਿੰਡਾਂ 'ਚ..........

ਨੈਣ ਨਸ਼ੀਲੇ ਉਹਦੇ, ਲੋਹੜਾ ਪਏ ਮਾਰਦੇ
ਕਿਸੇ ਨੂੰ ਡੋਬਦੇ ਤੇ, ਕਿਸੇ ਨੂੰ ਨੇ ਤਾਰਦੇ

ਨਖਰੇਲੋ ਦੇ ਨਖਰੇ ਨੇ, ਕਈ ਕਈ ਹਜ਼ਾਰ ਦੇ
ਉਹਦੀ ਜ਼ੁਲਫ਼ ਜੰਜੀਰ
ਸ਼ਾਹ ਕੀਤੇ ਨੇ ਫਕੀਰ
ਸੱਚ ਆਖੇ "ਬਲਬੀਰ"
ਝੱਲ੍ਹੇ ਹੋਗੇ "ਸਾਹਨੇਵਾਲੀਏ" ਸਾਰੇ
ਬਈ ਪਿੰਡ 'ਚ ਹੋਈ ਚਰਚਾ
ਕਹਿੰਦੇ ਕਿਥੋਂ ਨੇ ਪੈਂਦੇ ਲਿਸ਼ਕਾਰੇ..........

•

## ਨਵਾਂ ਪਟਵਾਰੀ

ਨੀ ਦੱਸੀਂ ਤੇਰਾ ਕੀ ਲਗਦਾ
ਆਪਣੇ ਪਿੰਡ ਦਾ ਨਵਾਂ ਪਟਵਾਰੀ
ਮੈਂ ਦੇਖਿਆ ਤੈਨੂੰ ਬਾਰੀ ਵਿਚੋਂ ਦੀ
ਰੋੜੀ ਚੁੱਕ ਕੇ ਜਦੋਂ ਤੂੰ ਮਾਰੀ।

ਉਹੋ ਗੱਲ ਤੇਰੀ ਗੋਰੀਏ
ਸਾਈਆਂ ਕਿਧਰੇ ਵਧਾਈਆਂ ਕਿਧਰੇ
ਨੀ ਆਪ ਤੂੰ ਚਲਾਕ ਬਣਦੀ
ਸਾਨੂੰ ਸਮਝ ਲਿਆ ਤੂੰ ਸਿੱਧਰੇ
ਤੂੰ ਕੰਮ ਫਿਰੇਂ ਹੋਰ ਕਰਦੀ
ਘਰੋਂ ਨਿਕਲੇਂ ਕੱਢਣ ਫੁੱਲਕਾਰੀ
ਨੀ ਦੱਸੀਂ ਤੇਰਾ ਕੀ ਲਗਦਾ..........

ਨੀ ਕੂਕ-ਕੂਕ ਲੋਕ ਆਖਦੇ
ਕਦੇ ਨਿਹੁੰ ਨਾ ਪ੍ਰਦੇਸੀ ਨਾ ਲਾਈਏ
ਡੁੱਬਦਿਆਂ ਨੂੰ ਡੋਬੀਦਾ ਨਹੀਂ
ਸਗੋਂ ਪਾਰ ਨੀ ਓਸ ਨੂੰ ਲਾਈਏ
ਪ੍ਰਦੇਸੀ ਹੁੰਦੇ ਵਾਂਗ ਪੰਛੀਆਂ
ਕੀ ਪਤਾ ਕਦੋਂ ਮਾਰਨ ਉਡਾਰੀ
ਨੀ ਦੱਸੀਂ ਤੇਰਾ ਕੀ ਲਗਦਾ..........

ਕਹਿ ਕੇ ਅੱਜ ਲੰਬੜਾਂ ਨੂੰ
ਏਸ ਵੈਰੀ ਦੀ ਮੈਂ ਬਦਲੀ ਕਰਾਵਾਂ
ਦੇਖਲੀਂ ਦੋ-ਚਾਰ ਦਿਨਾਂ 'ਚ
ਡੰਡਾ-ਡੇਰਾ ਇਹਦਾ ਪਿੰਡ 'ਚੋਂ ਚੁਕਾਵਾਂ
ਨੀ ਸਰਪੰਚ ਸਾਡਾ ਅਪਣਾ ਏਂ
ਕਿਹਾ ਮੋੜੇ ਨਾ "ਬਲਬੀਰ" ਇਕ ਵਾਰੀ
ਨੀ ਦੱਸੀਂ ਤੇਰਾ ਕੀ ਲਗਦਾ
ਆਪਣੇ ਪਿੰਡ ਦਾ ਨਵਾਂ ਪਟਵਾਰੀ..........

•

## ਕਿਧਰ ਨੂੰ ਜਾਵਾਂ ?

ਪਿੰਡਾਂ ਵਿਚ ਦੇਖਿਆ ਤੇ ਸ਼ਹਿਰਾਂ 'ਚ ਦੇਖਿਆ
ਤੇਰਾ ਕਿਤੋਂ ਨਾ ਮਿਲਿਆ ਸਿਰਨਾਵਾਂ ਹਾਨਣੇ
ਨੀ ਹੁਣ ਦੱਸ ਮੈਂ ਕਿਧਰ ਨੂੰ ਜਾਵਾਂ ਹਾਨਣੇ

ਤੇਰੇ ਉਤੋਂ ਦੀ ਮੈਂ ਸਭ ਕੁਝ ਵਾਰ ਸੁੱਟਿਆ
ਯਾਦ ਕਰ ਨੀ ਤੂੰ ਲੰਬੜਾਂ ਦਾ ਮੁੰਡਾ ਕੁੱਟਿਆ
ਮੈਂ ਤਾਂ ਸ਼ਰੇ ਨੀ ਬਜ਼ਾਰ ਅੱਜ ਗਿਆ ਲੁੱਟਿਆ
ਤੈਨੂੰ ਦਿਲ ਦੀਆਂ ਕਿਕੁਣ ਸੁਣਾਵਾਂ ਹਾਨਣੇ
ਹੁਣ ਦੱਸ ਮੈਂ ਕਿਧਰ ਨੂੰ..........

ਸਾਨੂੰ ਮਿਲਿਆਂ ਨੂੰ ਵੈਰਨੇ ਨੀ ਸਾਲ ਹੋ ਗਿਆ
ਸਾਡਾ ਜੀਣਾ ਹੁਣ ਲੋਹੜੇ ਦਾ ਮੁਹਾਲ ਹੋ ਗਿਆ
ਪੂੰਜੀ ਦਿਲਾਂ ਦੀ ਲੁਟਾਈ ਨੀ ਕੰਗਾਲ ਹੋ ਗਿਆ
ਤੇਰੇ ਪਿਛੇ ਨੀ ਸ਼ੁਦਾਈ ਮੈਂ ਕਹਾਵਾਂ ਹਾਨਣੇ
ਹੁਣ ਦੱਸ ਮੈਂ ਕਿਧਰ ਨੂੰ..........

ਤੇਰੀ ਯਾਦ ਨੂੰ ਮੈਂ ਸੀਨੇ ਵਿਚ ਫਿਰਦਾ ਲਕੋਈ
ਜਿਹੜੇ ਲੱਗੀਆਂ ਦਿਲਾਂ ਨੂੰ ਉਹੀਓ ਜਾਣਦਾ ਏ ਸੋਈ
ਸਾਡੀ ਪ੍ਰੀਤ ਨੀ ਚੜ੍ਹਦੀ ਜੁਆਨੀ ਵਿਚ ਮੋਈ
ਨਾ ਹੀ ਪੀਂਦਾ ਹਾਂ ਕੁਝ ਨਾ ਹੀ ਖਾਵਾਂ ਹਾਨਣੇ
ਹੁਣ ਦੱਸ ਮੈਂ ਕਿਧਰ ਨੂੰ..........

ਹੰਝੂ ਆਉਂਦੇ ਨੇ ਨੀ ਜ਼ਾਲਮੇ ਘੱਤ ਕੇ ਵਹੀਰ
ਸਾਡੇ ਨਾਉਂ ਤੇ ਮਨਜ਼ੂਰ ਹੋਈ ਬ੍ਰਿਹੋਂ ਦੀ ਜਗੀਰ
ਮਾਰ ਲਿਆ ਨਸੀਬਾਂ "ਸਾਹਨੇਵਾਲੀਆ ਬਲਬੀਰ"
ਕਿਸ ਯੁਗ ਦੀਆਂ ਦਿੱਤੀਆਂ ਸਜਾਵਾਂ ਹਾਨਣੇ
ਹੁਣ ਦੱਸ ਮੈਂ ਕਿਧਰ ਨੂੰ ਜਾਵਾਂ ਹਾਨਣੇ
ਤੇਰਾ ਕਿਤੋਂ ਨਾ ਮਿਲਿਆ ਸਿਰਨਾਵਾਂ ਹਾਨਣੇ..........

•

## ਪਟਵਾਰੀ

ਨੀ ਪੁੱਤ ਪਟਵਾਰੀ ਦਾ
ਮੇਰਾ ਤੁਰਦੀ ਦਾ ਮਿਣੇ ਪ੍ਰਛਾਵਾਂ।
ਦੱਸ ਦੇ ਇਲਾਜ ਭਾਬੀਏ
ਓਸ ਚੰਦਰੇ ਨੂੰ ਕਿਵੇਂ ਸਮਝਾਵਾਂ।

ਲੰਘਦਾ ਖੰਘੂਰਾ ਮਾਰਕੇ
ਉਹਨੂੰ ਖੰਘ ਜੁੱਤੀਆਂ ਵਾਲੀ ਹੋਈ
ਆਸ਼ਕਾਂ ਦਾ ਅੰਤ ਕੋਈ ਨਾ
ਰਾਂਝਾ ਬਣਿਆ ਫਿਰੇ ਹਰ ਕੋਈ
ਔਖਾ ਕੀਤਾ ਵੱਸਣਾ ਮੇਰਾ
ਨਿੱਤ ਖੜ੍ਹਦਾ ਰੋਕ ਕੇ ਰਾਹਵਾਂ
ਨੀ ਪੁੱਤ ਪਟਵਾਰੀ ਦਾ..........

ਰੁੜ੍ਹ ਜਾਣੇ ਨੂੰ ਖੌਫ਼ ਨਾ ਕੋਈ
ਸਾਡੀ ਪਿੰਡ 'ਚ ਚੱਲੇ ਸਰਦਾਰੀ
ਪੈੜਾਂ ਨਿੱਤ ਫਿਰੇ ਸੁੰਘਦਾ
ਦੇਖ ਮੱਤ ਕੀ ਓਸ ਦੀ ਮਾਰੀ
ਕੌਣ ਸਮਝਾਵੇ ਇਨ੍ਹਾਂ ਨੂੰ
ਜਿਵੇਂ ਹੁੰਦੀਆਂ ਨ੍ਹੀਂ ਘਰ ਮਾਵਾਂ
ਨੀ ਪੁੱਤ ਪਟਵਾਰੀ ਦਾ..........

ਨਾਗ ਜ਼ਹਿਰੀਲਾ ਇਸ਼ਕ ਦਾ
ਕੌਣ ਜਾਣ ਕੇ ਬਲਾ ਗਲ ਪਾਵੇ
ਤੂੰ ਵੱਡੀ ਭਾਬੀ ਮਾਂਵਾਂ ਵਰਗੀ
ਤੈਤੋਂ ਬਿਨਾਂ ਮੈਨੂੰ ਕੌਣ ਸਮਝਾਵੇ
ਇਕੋ-ਇਕ ਰੀਝ ਦਿਲ ਦੀ
ਮੈਂ ਸਦਕੇ "ਬਲਬੀਰ" ਦੇ ਜਾਵਾਂ
ਨੀ ਪੁੱਤ ਪਟਵਾਰੀ ਦਾ.........

•

## ਮਰਜਾਂ ਖਾ ਕੇ

ਕੋਠੇ ਉਤੇ ਸੂਤ ਅਟੇਰਾਂ,
ਸੂਤ ਅਟੇਰਾਂ ਦੂਹਰਾ
ਦਿਲ ਕਰੇ ਮਰਜਾਂ ਵੇ,
ਮਰਜਾਂ ਖਾ ਕੇ ਧਤੂਰਾ

ਕਿਕੁਣ ਵੇ ਮੈਂ ਦੱਸਾਂ ਮਾਹੀਆ
ਕਿਹੜੇ ਹਾਲੀਂ ਜੀਵਾਂ
ਕਿਹੜੀ ਵੇ ਮੈਂ ਲੈ ਕੇ ਸੂਈ
ਜ਼ਖ਼ਮ ਜਿਗਰ ਦੇ ਸੀਵਾਂ
ਪ੍ਰੀਤਾਂ ਦਾ ਜੋ ਛੋਹਿਆ ਸੀ ਕਿੱਸਾ
ਪਿਆ ਏ ਅਜੇ ਅਧੂਰਾ
ਦਿਲ ਕਰੇ ਮਰਜਾਂ ਵੇ..........

ਚੰਦਨ ਵਰਗੀ ਦੇਹੀ ਮੇਰੀ
ਹੋ ਗਈ ਅੱਧੀ ਖੁਰਕੇ
ਲੋਥ ਵਾਂਗਰਾਂ ਖਾਲੀ ਪਲੰਘ ਤੇ
ਡਿੱਗਪਾਂ ਹੌਕਾ ਭਰਕੇ
ਕੰਮਾਂ-ਕਾਰਾਂ 'ਚ ਵਿਹਲ ਮਿਲੇ ਨਾ
ਲੱਕ ਹੋ ਗਿਆ ਦੂਹਰਾ
ਦਿਲ ਕਰੇ ਮਰਜਾਂ ਵੇ..........

ਨਜਾਇਜ਼ ਫਾਇਦਾ ਜੇਠ ਉਠਾਵੇ
ਦੇਖ ਕੇ ਕੰਤ-ਵਿਹੂਣੀ
ਕੱਲ੍ਹ ਜਦੋਂ ਕਰਨ ਗਈ ਗੁਤਾਵਾ
ਜਾਣ ਕੇ ਮਾਰੀ ਕੂਹਣੀ
"ਸਾਹਨੇਵਾਲੀਆ" ਆ ਜਾ ਤੂੰ
ਛੱਡ ਕੇ ਕੰਮ ਅਧੂਰਾ
ਦਿਲ ਕਰੇ ਮਰਜਾਂ ਵੇ.........

•

## ਮੁੱਲ ਪੈਣੇ ਅਕਲਾਂ ਦੇ

ਗੋਰੇ ਰੰਗ ਦੀ ਕਦਰ ਨਾ ਕੋਈ
ਕਾਹਤੋਂ ਫਿਰੇ ਹੰਕਾਰਨ ਹੋਈ
ਨੀ ਮੁੱਲ ਪੈਣੇ ਅਕਲਾਂ ਦੇ

ਕਾਲਿਆਂ ਨੂੰ ਡਰ ਕੋਈ ਨਾ
ਗੋਰੇ ਰੰਗ ਦੇ ਵੈਰੀ ਨੇ ਸਾਰੇ
ਉਹਦੇ ਜਿਹਾ ਮੂਰਖ ਕੋਈ ਨਾ
ਜਿਹੜਾ ਹੁਸਨ ਉਤੇ ਹੰਕਾਰੇ
ਇਕ ਦਿਨ ਉਡ ਜਾਊਗਾ
ਜਿਸ ਰੂਪ ਨੂੰ ਫਿਰੇ ਤੂੰ ਲਕੋਈ
ਮੁੱਲ ਪੈਣੇ ਅਕਲਾਂ ਦੇ.........

ਕਈ ਵਾਰ ਮਾਰੇ ਜਾਂਦੇ ਨੇ
ਗੋਰੇ ਰੰਗ ਦੇ ਜਿਹੜੇ ਰਖਵਾਲੇ
ਭੌਰਾਂ ਦਾ ਉਹ ਰੂਪ ਧਾਰ ਕੇ
ਸਦਾ ਘੁੰਮਦੇ ਰਹਿਣ ਦੁਆਲੇ
ਜੀਹਦੇ ਨਾਲ ਬੀਤੀ ਹੁੰਦੀ ਏ
ਇਸ ਗੱਲ ਨੂੰ ਜਾਣਦਾ ਸੋਈ
ਮੁੱਲ ਪੈਣੇ ਅਕਲਾਂ ਦੇ........

ਅਕਲ ਨਾ ਹੋਵੇ ਰੱਤੀ ਭਰ ਵੀ
ਚਿੱਟੇ ਰੰਗ ਨੂੰ ਭਲਾ ਕੀ ਕਰਨਾ
ਤੋੜ ਦਿੰਦਾ ਮਾਣ ਸੋਹਣੀਏ
ਸਦਾ ਚਾਹੀਦਾ ਓਸ ਤੋਂ ਡਰਨਾ

ਤੂੰ ਪੁੱਛ ਦੇਖ ਸਾਡੇ ਦਿਲਾਂ ਨੂੰ
ਜਿਹੜੀ ਨਾਲ ਅਸਾਂ ਦੇ ਹੋਈ
ਨੀ ਮੁੱਲ ਪੈਣੇ ਅਕਲਾਂ ਦੇ.........

ਇਨਸਾਨ ਦੇ ਤਾਂ ਚੰਮ ਨਾਲੋਂ
ਹੁੰਦਾ ਚੰਮ ਹੈਵਾਨ ਦਾ ਸੋਹਣਾ
ਉਹਦੀਆਂ ਤਾਂ ਬਣਨ ਜੁੱਤੀਆਂ
ਸਾਡੇ ਚੰਮ ਦਾ ਭਲਾ ਕੀ ਹੋਣਾ
"ਬਲਬੀਰ ਸਾਹਨੇਵਾਲੀਆ" ਕਹੇ
ਅਸੀਂ ਜ਼ਿੰਦਗੀ ਐਵੇਂ ਨ੍ਹੀ ਖੋਈ
ਨੀ ਮੁੱਲ ਪੈਣੇ ਅਕਲਾਂ ਦੇ
ਗੋਰੇ ਰੰਗ ਦੀ ਕਦਰ ਨਾ ਕੋਈ.........

•

## ਬੁੱਢੇ ਨਾਲ ਲਾਵਾਂ

ਸੁਣ ਵੇ ਚਾਚਾ ਸੁਣ ਵੇ ਤਾਇਆ
ਸੁਣ ਲੈ ਤੂੰ ਵੀ ਮਾਮਾ
ਖੂਹ ਵਿਚ ਡਿਗ ਪਊਂਗੀ
ਨ੍ਹੀਂ ਲੈਣੀਆਂ ਬੁੱਢੇ ਨਾਲ ਲਾਵਾਂ।

ਮਣ-ਮਣ ਲਾ ਕੇ ਬਸਮਾਂ
ਕਿਥੋਂ ਆ ਗਿਆ ਬਾਪੂ ਦਾ ਹਾਣੀ
ਧੌਲਾ-ਝਾਟਾ ਬੁੱਢੜੇ ਦਾ
ਇਕ ਅੱਖ ਵੀ ਸੁਣੀਂਦੀ ਕਾਣੀ
ਸੱਚੀ ਗੱਲ ਆਖੇ ਦੁਨੀਆ
ਬਾਝ ਮਾਂਵਾਂ ਦੇ ਮਿਲਣ ਨਾ ਛਾਵਾਂ
ਖੂਹ ਵਿਚ ਡਿਗ ਪਊਂਗੀ.........

ਨਿੱਕੀ ਹੁੰਦੀ ਮਰ ਨਾ ਗਈ
ਇਹ ਦਿਨ ਨਾ ਦੇਖਣੇ ਪੈਂਦੇ
ਨਰਕਾਂ ਦਾ ਰਾਹ ਲੱਭਦੇ
ਧੀਆਂ ਵੇਚ ਕੇ ਦਾਮ ਜੋ ਲੈਂਦੇ
ਰੱਬਾ ਮੈਨੂੰ ਮਾਫ ਕਰਦੇ
ਕਿਸ ਯੁਗ ਦੀਆਂ ਦਿੰਦਾ ਏ ਸਜਾਵਾਂ
ਖੂਹ ਵਿਚ ਡਿਗ ਪਊਂਗੀ.........

ਰੋ-ਰੋ ਕੇ ਅੱਖਾਂ ਸੁੱਜੀਆਂ
ਮੇਰੀ ਸੁਣੀ ਨਾ ਕਿਸੇ ਵੀ ਦੁਹਾਈ
ਬਾਝ ਤਾਂ ਭਰਾਵਾਂ ਦੇ
ਮੈਨੂੰ ਸਮਝਿਆ ਘਰ 'ਚੋਂ ਪ੍ਰਾਈ
"ਬਲਬੀਰ" ਤੂੰ ਹੀ ਦੱਸ ਮੈਨੂੰ
ਹਾਲ ਦਿਲ ਵਾਲਾ ਕਿਸ ਨੂੰ ਸੁਣਾਵਾਂ
ਖੂਹ ਵਿਚ ਡਿਗ ਪਊਂਗੀ........

•

## ਲੇਖ ਸੜਗੇ

ਹਾਏ! ਤੱਤੜੀ ਦੇ ਲੇਖ ਸੜਗੇ
ਛਾਲੇ ਪੈਗੇ ਵਿਛੋੜਿਆਂ ਵਾਲੇ
ਹੰਝੂਆਂ ਨੇ ਨੈਣ ਰੋਕ ਲਏ
ਬੁੱਲ੍ਹ ਕੀਤੇ ਹੌਕਿਆਂ ਨੇ ਕਾਲੇ।

ਤੁਰ ਗਿਆ ਆਪ ਜ਼ਾਲਮਾਂ
ਸਾਨੂੰ ਪਾ ਕੇ ਪਿਆਰ ਦੀਆਂ ਬਾਤਾਂ
ਨਾਗ ਜ਼ਹਿਰੀਲੇ ਬਣ ਕੇ
ਸਾਨੂੰ ਡੱਸਦੀਆਂ ਕਾਲੀਆਂ ਰਾਤਾਂ
ਵੇ ਕਈ ਵਾਰ ਭਰ-ਭਰ ਕੇ
ਮੁੱਧ ਜਾਂਦੇ ਨੇ ਨੈਣ-ਪਿਆਲੇ
ਹਾਏ! ਤੱਤੜੀ ਦੇ.........

ਕੋਇਲਾਂ ਨੇ ਕੂਕ ਦੀਆਂ
ਅੰਬ ਪੱਕਗੇ ਬਾਗ ਵਿਚ ਤੇਰੇ
ਗੁਆਂਢੀਆਂ ਨੂੰ ਚਾਅ ਚੜ੍ਹਗੇ
ਤੇਰੇ ਵਿਚ ਪ੍ਰਦੇਸੀ ਡੇਰੇ
ਕੋਈ ਨਾ ਤਰਸ ਕਰਦਾ
ਨਿੱਤ ਹੰਝੂਆਂ ਦੇ ਪੈਣ ਪ੍ਰਨਾਲੇ
ਹਾਏ ਤੱਤੜੀ ਦੇ.........

ਵੇ ਰਾਤ ਦੇ ਅਨੀਂਦਰੇ ਨੇ
ਮੇਰੇ ਨੈਣਾਂ 'ਚ ਧੂਣੀਆਂ ਲਾਈਆਂ
ਤਾਨ੍ਹੇ-ਮਿਹਣੇ ਨਿੱਤ ਦਿੰਦੀਆਂ
"ਬਲਬੀਰ" ਤੇਰੀਆਂ ਭਰਜਾਈਆਂ
ਹਾਲ ਸਾਡਾ ਇਉਂ ਹੋ ਗਿਆ
ਜਿਉਂ ਉਜੜੇ ਘਰਾਂ ਵਿਚ ਜਾਲੇ
ਹਾਏ! ਤੱਤੜੀ ਦੇ.........

•

## ਸੋਹਣੀ ਠਿੱਲ ਪਈ

ਸੋਹਣੀ ਠਿੱਲ ਪਈ ਖ਼ੁਦਾ ਦਾ ਨਾਂ ਲੈਕੇ
ਵਿਚ ਦਰਿਆਵਾਂ ਦੇ।

ਸ਼ੂਕੇ ਨੈਂ ਨਾਗ ਦੇ ਵਾਂਗੂੰ
ਅੰਬਰ ਕੜਕ ਡਰਾਵੇ
ਕੱਚੇ ਘੜੇ ਤੇ ਹੁਸਨ ਇਸ਼ਕ ਨੂੰ
ਮਿਲਣ ਰਾਤ ਨੂੰ ਜਾਵੇ
ਅੱਜ ਘੇਰਲੀ ਹੋਣੀ ਨੇ ਸੋਹਣੀ
ਵਿਚ ਹੀ ਰਾਹਵਾਂ ਦੇ
ਸੋਹਣੀ ਠਿੱਲ ਪਈ..........

ਕੱਚੇ ਆਖਿਰ ਕੱਚ ਕਮਾਇਆ
ਲਾਈ ਨਹੀਂ ਕਿਨਾਰੇ
ਮਾਰ-ਮਾਰ ਕੇ ਕੂਕਾਂ ਫਿਰ ਉਹ
ਮਹੀਂਵਾਲ ਪੁਕਾਰੇ
ਤੈਰ ਸਕੀ ਨਾ ਮੂਲ ਘੜੇ ਬਾਝੋਂ
ਸਹਾਰੇ ਉਹੋ ਬਾਹਵਾਂ ਦੇ
ਸੋਹਣੀ ਠਿੱਲ ਪਈ........

ਗੋਤੇ ਖਾਂਦੀ ਦੇਖ ਸੁਹਣੀ ਨੂੰ
ਅੰਬਰ ਬੁੱਕ ਬੁੱਕ ਰੋਇਆ
ਹੰਝੂਆਂ ਦੀ ਥਾਂ ਨੈਣਾਂ ਵਿਚੋਂ
ਖ਼ੂਨ ਸੀ ਉਸ ਨੇ ਚੋਇਆ

ਚੰਨ-ਤਾਰਿਆਂ ਨੂੰ ਨਜ਼ਰ ਨਾ ਕੁਝ ਆਵੇ
ਬਦਲ ਦੀ ਛਾਂਵਾਂ ਦੇ
ਸੋਹਣੀ ਠਿੱਲ ਪਈ.........

ਸੁਣ ਕੇ ਕੂਕਾਂ ਮਹੀਂਵਾਲ ਨੇ
ਛਾਲ ਝਨਾਂ ਵਿਚ ਮਾਰੀ
"ਬਲਬੀਰ" ਉਹ ਪੁੱਜੇ ਜੰਨਤ ਅੰਦਰ
ਸੱਚੇ ਇਸ਼ਕ ਵਪਾਰੀ
ਸੱਸੀ-ਪੁਨੂੰ ਸੀ ਥਲਾਂ 'ਚ ਮੋਏ
ਇਹ ਜੋੜੀ ਵਿਚ ਆਬਾਂ ਦੇ
ਸੋਹਣੀ ਠਿੱਲ ਪਈ ਖੁਦਾ ਦਾ ਨਾਂ ਲੈ ਕੇ
ਵਿਚ ਦਰਿਆਵਾਂ ਦੇ

•

## ਝੂਠੀ ਹੋ ਗਈ

ਡੋਲੀ ਚੜ੍ਹ ਗਈ ਏ ਵੱਟ ਕੇ ਪਾਸਾ
ਸਾਡਾ ਕਰ ਚੱਲੀ ਨਰਕਾਂ 'ਚ ਵਾਸਾ
ਤੂੰ ਝੂਠੀ ਹੋ ਗਈ ਬਚਨਾਂ ਤੋਂ

ਆਸਾਂ, ਰੀਝਾਂ ਦਿਲ ਦੀਆਂ ਸੁੱਕਗੀਆਂ ਮੇਰੀਆਂ
ਹੌਕੇ, ਹਾਵੇ ਗਮਾਂ ਦੀਆਂ ਝੁੱਲ੍ਹੀਆਂ ਹਨ੍ਹੇਰੀਆਂ
ਰੋਣ ਦੀ ਸਾਨੂੰ ਜਾਚ ਆ ਗਈ
ਕਿਵੇਂ ਹੱਸੀ ਦਾ ਭੁੱਲ ਗਿਆ ਹਾਸਾ
ਤੂੰ ਝੂਠੀ ਹੋ ਗਈ.........

ਪਾ ਕੇ ਪ੍ਰੀਤਾਂ ਤੂੰ ਤਾਂ ਕਰ ਗਈ ਹੇਰ ਫੇਰ ਨੀ
ਪੀੜਾਂ ਦਿਆਂ ਲਸ਼ਕਰਾਂ ਨੇ ਲਿਆ ਮੈਨੂੰ ਘੇਰ ਨੀ
ਥੰਮਾਂ ਗਲ ਲੱਗ ਕੇ ਰੋਵਾਂ
ਕੋਈ ਦਿੰਦਾ ਨਾ ਵੈਰਨੇ ਦਿਲਾਸਾ
ਤੂੰ ਝੂਠੀ ਹੋ ਗਈ........

ਅੱਖੋਂ ਪਰੇ ਹੋਈ, ਹੋਇਆ ਦਿਲ ਕੋਲੋਂ ਦੂਰ ਨੀ
ਪਿਆਰ ਵਾਲੇ ਬੂਟੜੇ ਦਾ ਝਾੜ ਗਈ ਬੂਰ ਨੀ
ਹਾਏ! ਨੀ ਪੋਟਾ-ਪੋਟਾ ਦਰਦ ਕਰੇ
ਮੈਂ ਬਣ ਗਿਆ ਜੱਗ ਦਾ ਤਮਾਸ਼ਾ
ਤੂੰ ਝੂਠੀ ਹੋ ਗਈ.........

ਦੁਖੇ ਹੋਏ ਦਿਲ ਦੀ ਕੋਈ ਕਰੇ ਨਾ ਦਵਾ ਨੀ
ਭੈੜੇ ਵੇਲੇ "ਬਲਬੀਰ" ਨੇ ਪ੍ਰੀਤ ਲਈ ਪਾ ਨੀ
ਖੁਸ਼ੀਆਂ ਕਾਫੂਰ ਹੋ ਗਈਆਂ
ਬੂਹੇ ਨੈਣਾਂ ਦੇ ਬੈਠ ਗਈ ਨਿਰਾਸ਼ਾ
ਤੂੰ ਝੂਠੀ ਹੋ ਗਈ.........

•

## ਇਕ ਨਾ ਜਰਨੀ

ਉਚੇ ਟਿੱਬੇ ਇਕ ਮਹਿੰਦੀ ਦਾ ਬੂਟਾ
ਉਹਨੂੰ ਖਾ ਗਈ ਹਰਨੀ
ਤੇਰੀਆਂ ਮੈਂ ਲੱਖ ਜਰਦੀ
ਤੇਰੀ ਮਾਂ ਦੀ ਇਕ ਨਾ ਜਰਨੀ।

ਕੰਮ ਮੇਰਾ ਕੀਤਾ ਹੋਇਆ
ਉਹਦੇ ਨਾ ਪਸੰਦ ਵੇ
ਹਰ ਵੇਲੇ ਕਹਿੰਦੀ ਰਹਿੰਦੀ
ਚੜ੍ਹਾਏਂਗੀ ਕੋਈ ਚੰਦ ਵੇ
ਦਿਲ ਕਰੇ ਲੈ ਲਵਾਂ ਫਾਹਾ
ਕੀ ਜ਼ਿੰਦਗੀ ਇਹੋ ਜਿਹੀ ਕਰਨੀ
ਤੇਰੀਆਂ ਮੈਂ ਲੱਖ ਜਰਦੀ.........

ਆਪਣੇ ਉਹ ਦਿਨ ਭੁੱਲੀ
ਮੈਨੂੰ ਦਿੰਦੀ ਮੱਤਾਂ ਵੇ
ਆਪ ਜਾ ਸਾਧਾਂ ਦੀਆਂ
ਘੁੱਟਦੀ ਏ ਲੱਤਾਂ ਵੇ
ਬੁੱਢੇ ਬਾਰੇ ਠਰਕ ਭੋਰਦੀ
ਉਹਨੂੰ ਇੱਜ਼ਤ ਦਾ ਜਰਾ ਵੀ ਡਰ ਨੀ
ਤੇਰੀ ਮੈਂ ਲੱਖ ਜਰਦੀ.........

ਆਪ ਤਾਂ ਉਹ ਪਾਉਂਦੀ ਏ
ਘੁੱਟਵੀਂ ਸਲਵਾਰ ਵੇ
ਅੱਗ ਉਹਨੂੰ ਲੱਗੇ ਮੇਰਾ
ਦੇਖਕੇ ਸ਼ਿੰਗਾਰ ਵੇ
"ਬਲਬੀਰ" ਡਰੀਏ ਸੱਚੇ ਰੱਬ ਤੋਂ
ਜੈਸੀ ਕਰਨੀ ਵੈਸੀ ਐ ਭਰਨੀ
ਤੇਰੀਆਂ ਮੈਂ ਲੱਖ ਜਰਦੀ........

•

## ਜੇ ਤੂੰ ਆਉਣਾ ਹੁੰਦਾ

ਮੇਰੇ ਸੁਪਨਿਆਂ 'ਚ ਨਾ
ਸਜਣਾ ਤੂੰ ਆਇਆ ਕਰ ਵੇ
ਜੇ ਤੂੰ ਆਉਣਾ ਹੁੰਦਾ
ਤਾਂ ਨਾ ਫਿਰ ਜਾਇਆ ਕਰ ਵੇ।

ਸਾਡੇ ਨੈਣਾਂ ਦੀ ਦਹਿਲੀਜ਼
ਹੰਝੂ ਬੈਠੇ ਰਹਿੰਦੇ ਨੇ
ਨਾ ਹੀ ਸੌਂਦੀ ਹਾਂ ਮੈਂ
ਨਾ ਹੀ ਇਹੋ ਸੌਂਦੇ ਨੇ
ਸਾਡੀ ਅੱਲ੍ੜਾਂ ਦੀ ਨੀਂਦ
ਨਾ ਗੁਆਇਆ ਕਰ ਵੇ
ਮੇਰੇ ਸੁਪਨਿਆਂ 'ਚ ਨਾ.........

ਹਾਸੇ ਭੁੱਲ ਗਏ ਬੁੱਲ੍ਹਾਂ ਨੂੰ
ਆ ਗਈ ਜਾਚ ਰੋਣ ਦੀ
ਪੋਹ-ਮਾਘ ਦੇ ਦਿਨਾਂ 'ਚ
ਲਗੀ ਝੜੀ ਸਾਉਣ ਦੀ
ਸਾਨੂੰ ਨਿੱਤ ਹੀ ਐਵੇਂ
ਅਜਮਾਇਆ ਕਰ ਵੇ
ਮੇਰੇ ਸੁਪਨਿਆਂ 'ਚ ਨਾ........

ਕੋਰੇ ਦਿਲ ਦੇ ਕਾਗਜ਼ ਤੇ
ਤੇਰਾ ਨਾਮਾਂ ਲਿਖਿਆ
ਚਿਠੀ ਪਾਈ ਤਾਂ ਉਤੇ

ਨਾ ਸਿਰਨਾਮਾਂ ਲਿਖਿਆ
ਸਾਨੂੰ ਰੋਂਦਿਆਂ ਨੂੰ ਹੋਰ
ਨਾ ਰੁਆਇਆ ਕਰ ਵੇ
ਮੇਰੇ ਸੁਪਨਿਆਂ 'ਚ ਨਾ.........

ਘੁੱਟੇ ਦਿਲਾਂ 'ਚ ਸਾਰੇ ਈ
ਅਰਮਾਨ ਰਹਿ ਗਏ
ਬੁਰੇ ਦਰਦ ਹਿਜਰ ਦੇ
ਦਿਲ ਫੜ ਬਹਿ ਗਏ
"ਬਲਬੀਰ" ਤੱਤੜੀ ਨੂੰ ਹੋਰ
ਨਾ ਤੂੰ ਤਾਇਆ ਕਰ ਵੇ
ਮੇਰੇ ਸੁਪਨਿਆਂ 'ਚ ਨਾ..........

•

## ਪੁਨੂੰਆਂ ਬੇ-ਕਦਰਾ

ਧਾਹਾਂ ਮਾਰ ਕੇ ਥਲਾਂ ਰਹੀ ਰੋ
ਵੇ ਪੁੰਨੂੰਆਂ ਬੇ-ਕਦਰਾ

ਹਾੜ੍ਹ ਦਾ ਮਹੀਨਾ ਉਤੋਂ ਤਪਦਾ ਏ ਰੇਤਾ ਵੇ
ਕਰਕੇ ਕਰਾਰ ਤੈਨੂੰ ਭੁੱਲ ਗਿਆ ਚੇਤਾ ਵੇ
ਮੈਂ ਪੁਨੂੰ-ਪੁਨੂੰ ਫਿਰਾਂ ਕੂਕਦੀ
ਤੇਰੀ ਕਿਤੋਂ ਨਾ ਮਿਲੀ ਕਨਸੋਅ
ਪੁਨੂੰਆਂ ਬੇ-ਕਦਰਾ..........

ਖੁੱਲੀਆਂ ਨੇ ਮੀਢੀਆਂ ਤੇ ਮੂੰਹ ਕੁਮਲਾਇਆ ਏ
ਭੈੜਿਆ ਬਲੋਚਾ ਵੇ ਤੂੰ ਕਹਿਰ ਕਮਾਇਆ ਏ
ਇਕ ਪਾਸੇ ਸਾੜੈ ਬ੍ਰਿਹੋਂ
ਦੂਜੇ ਪਾਸੇ ਵਗਦੀ ਏ ਤੱਤੀ ਲੋ
ਵੇ ਪੁਨੂੰਆਂ ਬੇ-ਕਦਰਾ..........

ਉਤੋਂ ਰਿਹਾ ਭੋਲਾ-ਭਾਲਾ ਵਿਚੋਂ ਬਦਨੀਤ ਵੇ
ਛੱਡ ਗਿਐਂ ਸੁੱਤੀ ਦੱਸ ਕਿਥੋਂ ਦੀ ਏ ਰੀਤ ਵੇ
ਛਾਲੇ-ਛਾਲੇ ਹੋਈ ਜ਼ਿੰਦੜੀ
ਜੋ ਹੋਣਾ ਸੀ "ਬਲਬੀਰ" ਗਿਆ ਹੋ
ਵੇ ਪੁਨੂੰਆਂ ਬੇ-ਕਦਰਾ
ਧਾਹਾਂ ਮਾਰ ਕੇ ਥਲਾਂ 'ਚ ਰਹੀ ਰੋ..........

•

## ਵਿਛੋੜਾ ਮੁੱਕੇ ਤੇਰਾ

ਵੇ ਮੈਂ ਦਿੰਦੀ ਨਾ ਕਿਸੇ ਨੂੰ ਡਰਾਵੇ
ਰੱਬ ਕਰਕੇ ਮੌਤ ਆ ਜਾਵੇ
ਵਿਛੋੜਾ ਮੁੱਕੇ ਤੇਰਾ ਹਾਣੀਆਂ

ਮੱਸਿਆ ਦੀ ਰਾਤ ਜਿਹੇ, ਨਿਕਲਣ ਮੇਰੇ ਦਿਨ ਵੇ
ਬਹਾਰ ਬਿਨਾ ਬਾਗ ਜੈਸੇ, ਉਵੇਂ ਹਾਂ ਤੇਰੇ ਬਿਨ ਵੇ
ਪੀੜਾਂ ਸੰਗ ਵੈਰ ਪੈ ਗਿਆ
ਭੈੜੀਆਂ ਆਉਂਦੀਆਂ ਕਰ ਕਰ ਧਾਵੇ
ਵਿਛੋੜਾ ਮੁੱਕੇ ਤੇਰਾ ਹਾਣੀਆਂ..........

ਚੁੱਕ-ਚੁੱਕ ਅੱਡੀਆਂ ਨਿੱਤ, ਤੱਕਾਂ ਤੇਰਾ ਰਾਹ ਵੇ
ਪੂਰੀ ਨਾ ਕਦੇ ਹੋਈ, ਸਾਡੇ ਦਿਲ ਵਾਲੀ ਚਾਹ ਵੇ
ਮੇਰਾ ਕੁਝ ਤਾਂ ਕਸੂਰ ਦੱਸ ਦੇ
ਕਿਉਂ ਦਿੰਨਾ ਸਾਡੀ ਮੌਤ ਨੂੰ ਬੁਲਾਵੇ
ਵਿਛੋੜਾ ਮੁੱਕੇ ਤੇਰਾ ਹਾਣੀਆਂ..........

ਕੀਤੀ ਨਾ ਕਦਰ ਕੋਈ "ਬਲਬੀਰ" ਮੇਰੇ ਪਿਆਰ ਦੀ
ਤੇਰੇ ਪਿਛੇ ਬਦਨਾਮੀ ਝੱਲੀ ਸਾਰੇ ਸੰਸਾਰ ਦੀ
ਵੱਢ-ਵੱਢ ਖਾਣ ਹੱਡੀਆਂ
ਰੱਤਾ ਪਲੰਘ ਚੰਨਣ ਦੇ ਪਾਵੇ
ਵਿਛੋੜਾ ਮੁੱਕੇ ਤੇਰਾ ਹਾਣੀਆਂ..........

•

## ਨਸੀਬ ਕੁਰੇ

ਤੀਲ੍ਹੀ ਸਜੇ ਤਿਖੇ ਨੱਕ ਨੂੰ
ਵੰਗਾਂ ਗੋਰੀਆਂ ਬਾਹਾਂ ਦਾ ਗਹਿਣਾ
ਨੀ ਨੱਚ ਲੈ ਨਸੀਬ ਕੁਰੇ
ਕੱਲ੍ਹ ਨੂੰ ਕਿਸੇ ਨਾ ਰਹਿਣਾ।

ਗਲ ਗਾਨੀ, ਕੰਨੀ ਬਾਲੇ, ਝਾਂਜਰਾਂ ਵੀ ਪਾ ਲੈ ਨੀ
ਘਟਾਵਾਂ ਜਿਹੇ ਵਾਲਾਂ 'ਚ, ਕਲਿੱਪ ਵੀ ਲਗਾ ਲੈ ਨੀ
ਨੱਚੀਂ ਲਾ ਕੇ ਸਾਰਾ ਤਾਣ
ਲੱਕ ਮੁੜੇ ਜਿਉਂ ਕਮਾਣ
ਤਾਨ੍ਹਾਂ ਅਸੀਂ ਨਾ ਕਿਸੇ ਦਾ ਸਹਿਣਾ
ਨੀ ਨੱਚ ਲੈ ਨਸੀਬ ਕੁਰੇ..........

ਮੋਮ ਢਾਲ ਕੇ ਤੂੰ ਜ਼ਰਾ, ਪੱਟੀਆਂ ਨੂੰ ਵਾਹ ਲੈ ਨੀ
ਝੀਲਾਂ ਜਿਹੇ ਨੈਣਾਂ 'ਚ, ਕਜਲਾ ਸਜਾ ਲੈ ਨੀ
ਹੋਵੇ ਕਿਸੇ ਤੋਂ ਨਾ ਸਹਿਣ
ਭੁਲੇਖੇ ਪਰੀਆਂ ਦੇ ਪੈਣ
ਤੇਰੇ ਚੂੜੇ ਦਾ ਛਣਕੇ ਨਾਲ ਛੈਣਾਂ
ਨੀ ਨੱਚ ਲੈ ਨਸੀਬ ਕੁਰੇ.........

ਇਹੋ ਜਿਹੇ ਦਿਨ ਕਦੇ, ਰੋਜ਼ ਰੋਜ਼ ਆਉਣੇ ਨਾ
ਮੁੱਲ ਤੇਰੇ ਗੇੜਿਆਂ ਦੇ, ਹੋਰ ਕਿਸੇ ਪਾਉਣੇ ਨਾ
ਸੁਣ ਲੈ ਤੇਰਾ "ਬਲਬੀਰ"
ਨਹੀਂ ਹੋ ਜੂ ਦਿਲਗੀਰ
ਜੇ ਤੂੰ ਰੁੱਸ-ਰੁੱਸ ਉਹਦੇ ਨਾ ਬਹਿਣਾ
ਨੀ ਨੱਚ ਲੈ ਨਸੀਬ ਕੁਰੇ..........

•

## ਜਠਾਣੀ ਜੈ-ਖਾਣੀ

ਵੇ ਢੋਲਾ ਦੱਸ ਮੈਂ ਕੀ ਕਰਾਂ
ਇਹ ਮਰਜੇ ਜਠਾਣੀ ਜੈ-ਖਾਣੀ
ਆਪ ਦੁੱਧ ਪੀਂਦੀ ਕਾੜ੍ਹ ਕੇ
ਮੈਨੂੰ ਦਿੰਦੀ ਏ ਪਾਕੇ ਪਾਣੀ॥

ਮੈਂ ਨਿੱਤ ਗੋਹਾ-ਕੂੜਾ ਕਰਦੀ
ਆਪ ਬਹਿੰਦੀ ਏ ਪਲੰਘ ਤੇ ਚੜ੍ਹਕੇ
ਆਏ ਦਿਨ ਰਹੇ ਲੜਦੀ
ਦਿਲ ਹੋ ਗਿਆ ਕਬਾਬ ਮੇਰਾ ਸੜਕੇ
ਉਹ ਨੌਕਰਾਂ ਵਾਂਗ ਸਮਝੇ ਮੈਨੂੰ
ਖ਼ੁਦ ਬਣ ਬਹਿੰਦੀ ਏ ਪਟਰਾਣੀ
ਵੇ ਢੋਲਾ ਦੱਸ ਮੈਂ ਕੀ ਕਰਾਂ..........

ਮਿੱਠੇ-ਥੰਦੇ ਵਾਲੀ ਕੋਠੀ ਨੂੰ
ਹੱਥ ਲਾਉਣੇ ਦਾ ਹੁਕਮ ਨਾ ਮੈਨੂੰ
ਡਰ ਉਹਨੂੰ ਕਿਸੇ ਦਾ ਨਹੀਂ
ਉਹ ਤਾਂ ਟਿੱਚ ਈ ਸਮਝਦੀ ਐ ਤੈਨੂੰ
ਵੱਖ ਹੋਇਆ ਸਰਨਾ ਨਹੀਂ
ਗੱਲ ਮੰਨ ਲੈ ਮੇਰਿਆ ਹਾਣੀ
ਵੇ ਢੋਲਾ ਦੱਸ ਮੈਂ ਕੀ ਕਰਾਂ..........

"ਬਲਬੀਰ" ਤੂੰ ਵੀ ਨਹੀਂ ਮੰਨਦਾ
ਤੈਨੂੰ ਹੋਰ ਮੈਂ ਕਿਕੁਣ ਸਮਝਾਵਾਂ
ਸੁਣਦਾ ਨ੍ਹੀਂ ਤੂੰ ਵੀ ਮੇਰੀਆਂ
ਤੈਤੋਂ ਬਿਨਾਂ ਹੋਰ ਕਿਸ ਨੂੰ ਸੁਣਾਵਾਂ
ਬਾਕੀ ਦਿਨ ਕਿਵੇਂ ਕੱਟੂੰਗੀ
ਇਹ ਤਾਂ ਹੁਣੇ ਈ ਉਲਝਗੀ ਤਾਣੀ
ਵੇ ਢੋਲਾ ਦੱਸ ਮੈ ਕੀ ਕਰਾਂ...........

•

## ਪ੍ਰਦੇਸ਼ਾਂ 'ਚ

ਨਾ ਆਈ ਤੇ ਨਾ ਖਤ ਆਇਆ।
ਕਿਉਂ ਡੇਰਾ ਪ੍ਰਦੇਸ਼ਾਂ 'ਚ ਲਾਇਆ

ਤੂੰ ਤਾਂ ਕਹਿੰਦੀ ਸੀ ਮੈਂ, ਪੂਰੇ ਕਰੂੰ ਇਕਰਾਰ ਨੂੰ
ਭੁੱਲ ਕਾਹਤੋਂ ਗਈ ਤੂੰ, ਜਾ ਕੇ ਮੇਰੇ ਪਿਆਰ ਨੂੰ
ਅਸਾਂ ਰੱਖੇ ਲੰਮੇ ਜੇਰੇ
ਡਾਕ ਦੇਖਾਂ ਮੈਂ ਸਵੇਰੇ
ਖਾਲੀ ਮੁੜਕੇ ਘਰਾਂ ਨੂੰ ਆਇਆ
ਕਿਉਂ ਡੇਰਾ ਪ੍ਰਦੇਸ਼ਾਂ 'ਚ ਲਾਇਆ..........

ਪ੍ਰੀਤਾਂ ਅਸੀਂ ਹੌਕਿਆਂ ਤੇ, ਹਾਵਿਆਂ ਸੰਗ ਲਾਈਆਂ ਨੇ
ਅੱਖਾਂ ਮੇਰੀਆਂ ਮਕਾਣਾਂ, ਹੰਝੂਆਂ ਦੀਆਂ ਲਿਆਈਆਂ ਨੇ
ਮੈਂ ਤਾਂ ਮਰਨ ਦੇ ਕਿਨਾਰੇ
ਮੌਤ ਵਾਜਾਂ ਪਈ ਮਾਰੇ
ਨਿਹੁੰ ਭੁੱਲ ਕੇ ਤੇਰੇ ਨਾ ਲਾਇਆ
ਕਿਉਂ ਡੇਰਾ ਪ੍ਰਦੇਸ਼ਾਂ 'ਚ ਲਾਇਆ..........

ਸਭ ਕੁਝ ਜਾਣਦੀ ਹੋਈ, ਕਾਹਤੋਂ ਗਈ ਭੁੱਲ ਤੂੰ
ਦੀਵਾ ਮੇਰੇ ਪਿਆਰ ਦਾ, ਕਿਉਂ ਕਰਦੀ ਏਂ ਗੁੱਲ ਤੂੰ
ਨੀ ਤੂੰ ਲੁੱਟ-ਪੁੱਟ ਕੀਤਾ
ਖੂਨ ਜਿਗਰ ਦਾ ਪੀਤਾ
ਮੀਂਹ ਨੈਣਾਂ ਨੇ ਬੜਾ ਵਰਸਾਇਆ
ਕਿਉਂ ਡੇਰਾ ਪ੍ਰਦੇਸ਼ਾਂ 'ਚ ਲਾਇਆ........

ਸੁਣ ਲੈ ਖਿਆਲ ਨਾਲ ਆਖ਼ਰੀ ਏ ਖਤ ਨੀ
ਪਿਆਰ "ਬਲਬੀਰ" ਦੇ ਨੂੰ, ਮਾਰੀ ਨਾ ਤੂੰ ਲੱਤ ਨੀ
ਚੜ੍ਹਿਆ ਹਿਜਰਾਂ ਦਾ ਤਾਪ
ਤੈਨੂੰ ਆਊ ਬੜਾ ਪਾਪ
ਜੇ ਮੁੜਕੇ ਨਾ ਮੈਨੂੰ ਤੂੰ ਬੁਲਾਇਆ
ਕਿਉਂ ਡੇਰਾ ਪ੍ਰਦੇਸ਼ਾਂ 'ਚ ਲਾਇਆ
ਨਾ ਆਈ ਤੇ ਨਾ ਖਤ ਆਇਆ

•

## ਫੌਜੀਆਂ ਮੁੜ ਪੈ

ਬੱਦਲ ਗੱਜੇ ਬਿਜਲੀ ਕੜਕੇ
ਮੋਰਾਂ ਪੈਲਾਂ ਪਾਈਆਂ
ਫੌਜੀਆ ਮੁੜ ਪੈ ਵੇ
ਸਾਉਣ ਘਟਾ ਚੜ੍ਹ ਆਈਆਂ।

ਹਰ ਮੁਟਿਆਰ ਅੱਜ ਤੀਆਂ ਵਲ ਚੱਲੀ ਵੇ
ਤੇਰਿਆਂ ਵਿਛੋੜਿਆਂ ਮੈਂ ਕਰ ਲਈ ਆਂ ਝੱਲੀ ਵੇ
ਹੌਕੇ ਹਟਕੋਰਿਆਂ ਨੇ ਜ਼ਿੰਦ ਮੇਰੀ ਮੱਲੀ ਵੇ
ਭਲਾਂ ਸਾਡਾ ਕਾਹਦਾ ਸਾਉਣ
ਤੇਰਾ ਹੋਇਆ ਨ੍ਹੀਂ ਆਉਣ
ਗੰਢਾਂ ਦੁੱਖਾਂ ਦੀਆਂ ਅਸਾਂ ਸਿਰ ਚਾਈਆਂ
ਫੌਜੀਆਂ ਮੁੜ ਪੈ ਵੇ.........

ਵੱਢ-ਵੱਢ ਖਾਵੇ ਮੈਨੂੰ ਤੇਰਾ ਹੀ ਤਾਂ ਝੋਰਾ ਵੇ
ਉਲਟੀ ਸਜਾ ਦਿੱਤੀ ਦਿਲਾਂ ਦਿਆ ਚੋਰਾ ਵੇ
ਗਰੀਬਣੀ ਨਿਮਾਣੀ ਉਤੇ ਤਰਸ ਕਰ ਭੋਰਾ ਵੇ
ਹਾਏ! ਅੱਜ ਮਲੋ-ਮੱਲੀ
ਜ਼ਿੰਦ ਚੱਲੀ ਆ ਵੇ ਚੱਲੀ
ਗੱਲ ਪੈਗੀਆਂ ਬੇ-ਦੋਸ਼ਿਆਂ ਦੇ ਫਾਹੀਆਂ
ਫੌਜੀਆ ਮੁੜ ਪੈ ਵੇ..........

ਮੁੱਕ ਗਿਆ ਸਬਰ ਤੂੰ ਤਾਂ ਆਇਆ ਨ੍ਹੀ ਹਾਲੇ ਵੇ
ਭੰਬਟਾਂ ਦੇ ਵਾਂਗ ਪੀੜਾਂ ਹੋਈਆਂ ਨੇ ਦੁਆਲੇ ਵੇ
ਹੌਕਿਆਂ ਨੇ ਬੁੱਲ੍ਹ ਮੇਰੇ ਕਰ ਦਿੱਤੇ ਕਾਲੇ ਵੇ

ਐਸੀ ਪਾਈ ਐ ਜੁਦਾਈ
ਇਕ ਚਿੱਠੀ ਵੀ ਨਾ ਪਾਈ
ਭਲਾਂ ਕਰਨੀਆਂ ਕੀ ਅਸਾਂ ਇਹ ਕਮਾਈਆਂ
ਫੌਜੀਆ ਮੁੜ ਪੈ ਵੇ.........

ਹੰਝੂਆਂ ਨੇ ਦੀਦੇ ਮੱਲੇ ਪੀੜਾਂ ਮੱਲੇ ਰਾਹ ਵੇ
ਕੁਝ ਤਾਂ ਤੂੰ ਦੱਸ ਦੇ ਕੀ ਹੋ ਗਿਆ ਗੁਨਾਹ ਵੇ
ਹਰ ਇਕ ਅੰਗ 'ਚੋਂ ਨਿਕਲ ਰਹੀ ਆਹ ਵੇ
ਹੁਣ ਸੁਣ ਲੈ "ਬਲਬੀਰ"
ਯਾਦ ਕਰ ਉਹ ਕਰੀਰ
ਜਿਥੇ ਬੈਠ ਕੇ ਸੀ ਅੱਖੀਆਂ ਲੜਾਈਆਂ
ਫੌਜੀਆ ਮੁੜ ਪੈ ਵੇ
ਸਾਉਣ ਘਟਾ ਚੜ੍ਹ ਆਈਆਂ..........

•

## ਲੋਕਾਂ ਭਾਣੇ

ਲੋਕਾਂ ਭਾਣੇ ਅੱਗ ਮੱਚਦੀ
ਤੇਰੇ ਚਮਕਣ ਗੋਰੀਏ ਬਾਲੇ
ਚੁੰਨੀ ਦੀ ਬਣਾਕੇ ਬੱਦਲੀ
ਗੋਰੇ ਮੁਖੜੇ ਦੇ ਕਰ ਲੈ ਦੁਆਲੇ

ਨੀ ਬਾਲਿਆਂ ਤੇਰਿਆਂ ਨੇ
ਬਿਜਲੀ ਮਹਿਕਮੇ ਦਾ ਦੀਵਾ ਗੁੱਲ ਕੀਤਾ
ਸੰਭਲ ਕੇ ਰਹੀਂ ਕੁੜੀਏ
ਫਿਰੇ ਹਰ ਕੋਈ ਹੋਇਆ ਬਦਨੀਤਾ
ਜੋਬਨੇ ਦੀ ਰਾਖੀ ਦੇ ਲਈ
ਸੱਪ ਬੈਠੇ ਨੇ ਜ਼ੁਲਫ਼ ਦੇ ਕਾਲੇ
ਲੋਕਾਂ ਭਾਣੇ ਅੱਗ ਮੱਚਦੀ..........

ਭਾਈਆਂ ਨੂੰ ਪਾਠ ਭੁੱਲਿਆ
ਵਿਚੇ ਖੜ੍ਹਗੇ ਮਾਲਾ ਦੇ ਮਣਕੇ
ਕਾਜ਼ੀਆਂ ਨੂੰ ਨਮਾਜ਼ ਭੁੱਲਗੀ
ਜਦੋਂ ਝਾਂਜਰ ਕਿਤੇ ਤੇਰੀ ਛਣਕੇ
ਕੀ-ਕੀ ਤੂਫਾਨ ਆਉਣਗੇ
ਕੁਝ ਚਿਰ ਨੂੰ ਦੇਖੀਂ ਤੂੰ ਹਾਲੇ
ਲੋਕਾਂ ਭਾਣੇ ਅੱਗ ਮੱਚਦੀ.........

ਤਾਰਿਆਂ ਨੂੰ ਹਾਸੇ ਭੁੱਲਗੇ
ਚੰਨ ਦੇਖ ਕੇ ਤੈਨੂੰ ਸ਼ਰਮਾਵੇ
ਪਿੰਡ ਸਾਰੇ ਹੋਇਆ ਚਾਨਣਾ
ਕੋਈ ਬਿਜਲੀ ਦਾ ਲਾਟੂ ਨਾ ਜਗਾਵੇ
"ਬਲਬੀਰ ਸਾਹਨੇਵਾਲੀਆ" ਕਹੇ
ਮਿੱਤ ਹੁੰਦੇ ਨਾ ਸੱਪਾਂ ਦੇ ਪੁੱਤ ਪਾਲੇ
ਲੋਕਾਂ ਭਾਣੇ ਅੱਗ ਮੱਚਦੀ.........

•

## ਸਧਰਾਂ ਕੁਆਰੀਆਂ

ਅੱਗ ਲਾ ਕੇ ਫੂਕ ਦੇਵਾਂ, ਬਾਗ ਫੁੱਲਕਾਰੀਆਂ
ਲੁੱਟ ਲਈਆਂ ਮਾਏ, ਮੇਰੀਆਂ ਸਧਰਾਂ ਕੁਆਰੀਆਂ

ਮੇਰੇ ਉਤੇ ਅੰਮੀਏ ਨੀ, ਕੀਤਾ ਏ ਕਹਿਰ ਤੂੰ
ਇਹਦੇ ਨਾਲੋਂ ਭੋਰਾ ਭਰ, ਦੇ ਦਿੰਦੀ ਜ਼ਹਿਰ ਤੂੰ
ਸਾਰੀਆਂ ਈ ਵਿਚੋਂ, ਮੁੱਕ ਜਾਂਦੀਆਂ ਬੀਮਾਰੀਆਂ
ਅੱਗ ਲਾਕੇ ਫੂਕ ਦੇਵਾਂ..........

ਕਿਹੜੀ ਮਾਏ ਮੇਰੇ ਕੋਲੋਂ, ਹੋਗੀ ਸੀ ਭੁੱਲ ਨੀ
ਜੀਹਦੇ ਪਿਛੇ ਤੈਨੂੰ ਮੇਰਾ, ਪਾਉਣਾ ਪਿਆ ਮੁੱਲ ਨੀ
ਰੋ-ਰੋ ਹੰਝੂਆਂ ਨਾ, ਗੱਲਾਂ ਹੋਈਆਂ ਖਾਰੀਆਂ
ਅੱਗ ਲਾ ਕੇ ਫੂਕ ਦੇਵਾਂ.........

ਬਾਬਲ ਦੇ ਹਾਣ ਦਾ, ਸਹੇੜਿਆ ਮੈਨੂੰ ਵਰ ਨੀ
ਰੂਪ ਤੇ ਜੋਬਨ ਦੀ ਜੀਹਨੂੰ, ਕਦਰ ਭੋਰਾ ਭਰ ਨੀ
ਲਿਖ ਦਿੱਤੇ ਗੀਤ "ਬਲਬੀਰ" ਜਿਹੇ ਲਿਖਾਰੀਆਂ
ਅੱਗ ਲਾ ਕੇ ਫੂਕ ਦੇਵਾਂ, ਬਾਗ ਫੁੱਲਕਾਰੀਆਂ

•

## ਇਹ ਕੀ ਦਸਤੂਰ ਹੈ ?

ਵਫਾ ਮਜਬੂਰ ਹੈ
ਸੱਜਣ ਤੋਂ ਸੱਜਣ ਦੂਰ ਹੈ
ਐ ਸਮਾਜਾਂ !
ਐ ਰਿਵਾਜ਼ਾ !!
ਇਹ ਕੀ ਦਸਤੂਰ ਹੈ ?
ਵਫਾ ਮਜਬੂਰ ਹੈ

ਪਿਆਰ ਦੀ ਚਾਦਰ ਪਾੜ-ਪਾੜ ਕੇ
ਕਰਨੀਆਂ ਚਾਹੋਂ ਲੀਰਾਂ
ਕੁੱਛ ਮਰ ਚੁੱਕੀਆਂ ਕੁੱਛ ਮਰ ਰਹੀਆਂ
ਵਫ਼ਾ ਵਿਹੂੰਣੀਆਂ ਹੀਰਾਂ
ਵਫ਼ਾ ਵਿਹੂੰਣੀਆਂ ਹੀਰਾਂ
ਦੀ ਜ਼ਿੰਦੜੀ ਚੂਰ ਹੈ
ਵਫ਼ਾ ਮਜਬੂਰ ਹੈ.........

ਦੋ ਦਿਲਾਂ ਦਾ ਮੇਲ ਦੇਖ ਕੇ
ਦਿਲ ਤੇ ਚਲਦੀ ਆਰੀ
ਦੋਵੇਂ ਪਾਸਿਉਂ ਕਤਲ ਹੈ ਕਰਦੀ
ਇਹ ਦੁਨੀਆ ਦੋ-ਧਾਰੀ
ਇਹ ਦੁਨੀਆ ਦੋ ਧਾਰੀ
ਬੜੀ ਬੇ-ਸ਼ਹੂਰ ਹੈ
ਵਫਾ ਮਜਬੂਰ ਹੈ

ਹੁਣ ਨਾ ਹੀਰਾਂ ਰੰਗਪੁਰ ਜਾਵਣ
ਜਾਵਣ ਤਖਤ ਹਜ਼ਾਰੇ

ਹੁਣ ਨਾ ਸੋਹਣੀ ਵਿਚ ਝਨਾਂ ਦੇ
ਮਹੀਂਵਾਲ ਪੁਕਾਰੇ
ਮਹੀਂਵਾਲ ਪੁਕਾਰੇ
ਚਮਕਣਾ ਨੂਰ ਹੈ
ਵਫ਼ਾ ਮਜਬੂਰ ਹੈ..........

ਇਸ਼ਕ ਦੀਆਂ ਵੇਲਾਂ ਤੋੜ ਚੜਨਗੀਆਂ
ਕਿੰਨੀਆਂ ਵੀ ਖਾ ਲਓ ਖਾਰਾਂ
"ਬਲਬੀਰ" ਆਖਿਰ ਟੁੱਟ ਕੇ ਰਹਿਣਗੀਆਂ
ਚਾਂਦੀ ਦੀਆਂ ਦੀਵਾਰਾਂ
ਚਾਂਦੀ ਦੀਆਂ ਦੀਵਾਰਾਂ
ਟੁੱਟਣਾ ਜ਼ਰੂਰ ਹੈ
ਵਫ਼ਾ ਮਜਬੂਰ ਹੈ.........

•

## ਢਾਕ ਸੱਖਣੀ

ਮਾਏ ਨੀ ਮੇਰੀ ਢਾਕ ਸੱਖਣੀ
ਮੇਰੇ ਹਾਣ ਦੀਆਂ ਸ਼ੂਸ਼ਕ ਲਿਆਈਆਂ
ਅੱਧੀ ਤਾਂ ਉਮਰ ਲੰਘ ਗਈ
ਅਜੇ ਤੱਕ ਨਹੀਉਂ ਮਿਲੀਆਂ ਵਧਾਈਆਂ।

ਕਲਰਾਂ ਤੇ ਬੰਜਰਾਂ ਦੇ ਜਾਗ ਪਏ ਭਾਗ ਨੀ
ਸਾਡੇ ਕਰਮਾਂ ਨੂੰ ਅਜੇ ਆਈ ਨਹੀਉਂ ਜਾਗ ਨੀ
ਚੰਦਰੇ ਨਸੀਬਾਂ ਨੂੰ ਕੀ ਲੜ ਗਿਆ ਨਾਗ ਨੀ
ਮਾਏ ਨੀ ਸਾਨੂੰ ਔੜ ਲਗ ਗਈ
ਕੀਤੀਆਂ ਮਿਹਨਤਾਂ ਰਾਸ ਨਾ ਆਈਆਂ
ਮਾਏ ਨੀ ਮੇਰੀ ਢਾਕ ਸੱਖਣੀ..........

ਚੰਦਰੇ ਮੈਂ ਦਿਨ ਲੈ ਲਈਆਂ ਨੇ ਲਾਮਾਂ ਨੀ
ਅੰਦਰੋਂ ਮੈਂ ਰੋਂਵਦੀ ਬਾਹਰੋਂ ਮੁਸਕਾਵਾਂ ਨੀ
ਦੱਸ ਕੋਈ ਹਕੀਮ ਜਿਸ ਵਲ ਜਾਵਾਂ ਨੀ
ਉਨ੍ਹਾਂ ਤੇ ਰੱਬ ਦਿਆਲ ਹੋ ਗਿਆ
ਜਿਨ੍ਹਾਂ ਕੀਤੀਆਂ ਸੀ ਪਿਛੋਂ ਨੀ ਬਿਜਾਈਆਂ
ਮਾਏ ਨੀ ਮੇਰੀ ਢਾਕ ਸੱਖਣੀ..........

ਪੁੱਤਰਾਂ ਦੇ ਨਾਲ ਗੰਢ ਪੈਂਦੀ ਸੰਸਾਰ ਨੀ
ਬਾਂਝ ਜਨਾਨੀਆਂ ਦੇ ਸਦਾ ਧਿਰਕਾਰ ਨੀ
ਸੁੱਕਿਆ ਏ ਬਾਗ ਆਈ ਨਾ ਬਹਾਰ ਨੀ
"ਬਲਬੀਰ" ਵੇ ਸਾਡੇ ਵਸ ਕੋਈ ਨਾ
ਅਸਾਂ ਖਾਧੀਆਂ ਨੇ ਲੱਖ ਵੇ ਦੁਵਾਈਆਂ
ਮਾਏ ਮੇਰੀ ਢਾਕ ਸੱਖਣੀ.........

•

## ਜੇਠ ਚੰਦਰਾ

ਮੇਰੇ ਜੇਠ ਦੇ ਆਖਰੀ ਦਿਨ ਆਏ
ਓਸ ਚੰਦਰੇ ਨੂੰ ਕੌਣ ਸਮਝਾਏ
ਓਹ ਥਮਲੇ ਨੂੰ ਪਾਵੇ ਜੱਫੀਆਂ

ਕਿਹੜੇ-ਕਿਹੜੇ ਕਰੇ ਕਾਰੇ ਕਿਵੇਂ ਸਮਝਾਵਾਂ ਮੈਂ
ਕਿਕੁਣ ਦੱਸਾਂ ਤੈਨੂੰ ਦਿਨ ਕਿਵੇਂ ਲੰਘਾਵਾਂ ਮੈ
ਨਜ਼ਰਾਂ ਉਨ੍ਹੇ ਕੀਤੀਆਂ ਮੈਲੀਆਂ
ਨਿੱਤ ਨਵੇਂ ਈ ਬਹਾਨੇ ਨਾ ਬੁਲਾਏ
ਓਸ ਚੰਦਰੇ ਨੂੰ ਕੌਣ ਸਮਝਾਏ..........

ਗਲ ਉਤੋਂ ਪਾਣੀ ਹੁਣ ਜਾਂਦਾ ਹੈ ਲੰਘਦਾ
ਮਿਲਾਂ ਜਦ ਕੱਲੀ ਕਿਤੇ ਝੂਠੀ-ਮੂਠੀ ਖੰਘਦਾ
ਕੱਲ੍ਹ ਮੈਂ ਨਹਾਵਾਂ ਵਿਹੜੇ 'ਚ
ਮੰਜੇ ਵਿਚੋਂ ਦੀ ਝਾਤੀਆਂ ਪਾਏ
ਓਸ ਚੰਦਰੇ ਨੂੰ ਕੌਣ ਸਮਝਾਏ..........

ਬੈਠਾ ਰਹੇ ਸਾਰਾ ਦਿਨ ਸਵਾਤ ਵਿਚ ਬੜਕੇ
ਨਾਲ ਈ ਉਠੇ ਮੇਰੇ ਉਠਾਂ ਜਦੋਂ ਤੜਕੇ
"ਬਲਬੀਰ" ਮੈਂ ਰੋਵਾਂ ਨਾ ਰੱਤਾ
ਮਰ ਜਾਣਾ ਜੇ ਕਿਤੇ ਮਰ ਜਾਏ
ਥਮਲੇ ਨੂੰ ਪਾਏ ਜੱਫੀਆਂ
ਓਸ ਚੰਦਰੇ ਨੂੰ ਕੌਣ ਸਮਝਾਏ..........

•

## ਫਿਰਦੇ ਅਜੇ ਕੁਆਰੇ

ਵਾਹ! ਓ ਦਾਤਾ ਲੇਖਾਂ ਦੇ ਲੇਖਕ
ਤੇਰੇ ਚੋਜ਼ ਨਿਆਰੇ
ਅੱਧੀ ਉਮਰ ਤਾਂ ਲੰਘ ਗਈ ਐ
ਫਿਰਦੇ ਅਜੇ ਕੁਆਰੇ।

ਕੀ ਲੋੜ ਸੀ ਸਾਡੀ ਇਥੇ
ਆਏ ਚਾਹੇ ਨਾ ਆਏ
ਦਿਨੇ-ਰਾਤ ਤਾਂ ਲਈਏ ਹੌਂਕੇ
ਕਰੀਏ ਹਾਏ! ਹਾਏ!!
ਜ਼ਿੰਦਗੀ ਦੇ ਘੋਲ ਦੇ ਵਿਚੋਂ
ਗਏ ਅਸੀਂ ਅੱਜ ਹਾਰੇ
ਵਾਹ! ਓ ਦਾਤਾ ਲੇਖਾਂ..........

ਸੁਣ ਲੈ ਸਾਡੀ ਗਰੀਬਾਂ ਦੀ ਵੀ
ਪਰਤ ਕਿਸਮਤ ਦੇ ਵਰਕੇ
ਧਰਮਰਾਜ ਨੇ ਜੇ ਪੁੱਛਿਆ ਸਾਨੂੰ
ਕੀ ਆਏ ਓਂ ਕਰਕੇ
ਕੁਝ ਤਾਂ ਸਾਨੂੰ ਦੱਸ ਦੇ ਰੱਬਾ
ਕਿਹੜੇ ਲਾਵਾਂਗੇ ਲਾਰੇ
ਵਾਹ! ਓ ਦਾਤਾ ਲੇਖਾਂ..........

ਕਿਹੜੀ ਗੱਲੋਂ ਨਾਲ ਤੂੰ ਸਾਡੇ
ਕਰਦਾ ਏਂ ਬੇ-ਇਨਸਾਫੀ

ਜੇ ਕੋਈ ਸਾਥੋਂ ਹੋਗੀ ਗਲਤੀ
ਮੰਗੀਏ ਹੁਣੇ ਈਂ ਮਾਫ਼ੀ
ਡੁਬਦਾ ਸਾਡਾ ਬੇੜਾ ਸਾਈਆਂ
ਲਾ ਦੇ ਕਿਵੇਂ ਕਿਨਾਰੇ
ਵਾਹ!! ਓ ਦਾਤਾ ਲੇਖਾਂ..........

ਸਬਰਾਂ ਦੇ ਜਦ ਬੰਨ੍ਹ ਟੁੱਟਗੇ
ਅਰਜ਼ ਕਰੀਏ ਤੈਨੂੰ
ਜਿਹੋ ਜਿਹੀ ਵੀ ਭੇਜ ਦੇਵੇਂਗਾ
ਚੰਗੀ ਐ ਉਹੀਓ ਮੈਨੂੰ
"ਬਲਬੀਰ ਸਾਹਨੇਵਾਲੀਆ"
ਖ਼ੁਦ ਲੈਂਦਾ ਪਿਆ ਨਜ਼ਾਰੇ
ਵਾਹ! ਓ ਦਾਤਾ ਲੇਖਾਂ ਦੇ ਲੇਖਕ
ਤੇਰੇ ਚੋਜ ਨਿਆਰੇ..........

•

## ਗਿੱਧਾ ਪਾਈ ਚੱਲ

ਤੇਰੇ ਵੀਰ ਦੀ ਚੜ੍ਹ ਗਈ ਏ, ਬਰਾਤ ਕੁੜੀਏ
ਗਿੱਧਾ ਪਾਈ ਚੱਲ ਅੱਜ, ਸਾਰੀ ਰਾਤ ਕੁੜੀਏ।

ਨਵੀਂ ਭਾਬੀ ਦੇ ਚਾਅ 'ਚ, ਤੈਨੂੰ ਚੜ੍ਹੀਆਂ ਖੁਮਾਰੀਆਂ
ਕੁੜੀਆਂ ਸਭ ਹਾਣ ਦੀਆਂ, ਤੇਰੇ ਕੋਲੋਂ ਹਾਰੀਆਂ
ਸਾਰੀਆਂ ਸਾਥਣਾਂ ਨੂੰ, ਪਾ ਗਈ ਏ ਮਾਤ ਕੁੜੀਏ
ਤੇਰੇ ਵੀਰ ਦੀ ਚੜ ਗਈ ਏ..........

ਮਹਿੰਦੀ ਵਾਲੇ ਪੈਰਾਂ ਥੱਲੇ, ਧਰਤੀ ਐ ਕੰਬਦੀ
ਹੰਭ ਗਈਆਂ ਸਾਰੀਆਂ, ਤੂੰ ਨਾ ਏਂ ਹੰਭਦੀ
ਤੈਨੂੰ ਵੱਖਰੀਉ ਬਖਸ਼ੀ ਰੱਬ ਨੇ ਦਾਤ ਕੁੜੀਏ
ਤੇਰੇ ਵੀਰ ਦੀ ਚੜ੍ਹ ਗਈ ਏ..........

ਸ਼ਮਾਂ ਦਾ ਭੁਲੇਖਾ ਖਾ ਕੇ, ਆਉਂਦਾ ਪ੍ਰਵਾਨਾ ਨੀ
"ਬਲਬੀਰ ਸਾਹਨੇਵਾਲੀਆ", ਹੋਈ ਜਾਂਦਾ ਏ ਦੀਵਾਨਾ ਨੀ
ਤੇਰਾ ਹੁਸਨ ਐ ਨਿਰਾ ਈ ਪ੍ਰਭਾਤ ਕੁੜੀਏ
ਗਿੱਧਾ ਪਾਈ ਚੱਲ ਅਜ ਸਾਰੀ ਰਾਤ ਕੁੜੀਏ
ਤੇਰੇ ਵੀਰ ਦੀ ਚੜ੍ਹ ਗਈ ਐ ਬਰਾਤ ਕੁੜੀਏ

•

## ਤੇਰੇ ਬਦਲੇ

ਮੈਨੂੰ ਕੰਮ ਨਾ ਹੱਟੀ ਤੇ ਕੋਈ
ਆਵਾਂ-ਜਾਵਾਂ ਤੇਰੇ ਬਦਲੇ
ਜੀਹਨੂੰ ਲੱਗੀਆਂ ਜਾਣਦਾ ਸੋਈ
ਮੈਂ ਆਵਾਂ-ਜਾਵਾਂ ਤੇਰੇ ਬਦਲੇ।

ਹਰ ਇਕ ਵਾਰੀ ਆਵਾਂ, ਬਣਾ ਕੇ ਕੋਈ ਪੱਜ ਨੀ
ਦੇਖ-ਦੇਖ ਮੁੱਖ ਤੇਰਾ, ਆਵੇ ਨਾ ਮੈਨੂੰ ਰੱਜ ਨੀ
ਫਿਰਾਂ ਯਾਦ ਤੇਰੀ ਸੀਨੇ 'ਚ ਲਕੋਈ
ਆਵਾਂ-ਜਾਵਾਂ ਤੇਰੇ ਬਦਲੇ..........

ਹੱਟੀ ਦੇ ਸਾਹਮਣੇ ਘਰ, ਜਦੋਂ ਦਾ ਹੈ ਪਾਇਆ ਨੀ
ਸਿਰਫ ਤੇਰੀ ਦੀਦ ਲਈ, ਗੇੜੇ ਤੇ ਗੇੜਾ ਲਾਇਆ ਨੀ
ਜ਼ਿੰਦ ਇਸ਼ਕ ਦੇ ਧਾਗੇ 'ਚ ਪਰੋਈ
ਆਵਾਂ-ਜਾਵਾਂ ਤੇਰੇ ਬਦਲੇ..........

ਇਕ ਤੈਨੂੰ ਮਿਲਣ ਲਈ, ਲੱਭਿਆ ਇਹੋ ਰਾਹ ਨੀ
ਭੁੱਖ ਤੇਰੇ ਦਰਸ਼ਨਾਂ ਦੀ ਹੋਰ ਕੋਈ ਚਾਹ ਨੀ
ਨੀਂਦ "ਬਲਬੀਰ" ਨੇ ਤੇਰੇ ਪਿਛੇ ਖੋਈ
ਆਵਾਂ-ਜਾਵਾਂ ਤੇਰੇ ਬਦਲੇ..........

•

## ਹਾਏ ! ਮਰ ਗਈ ਰਾਂਝਣਾ

ਜਦੋਂ ਦਾ ਤੂੰ ਗਿਆ ਚੰਨਾ
ਚਿੱਤ ਨਹੀਉਂ ਲਗਦਾ
ਹੁਣ ਤਾਪ ਹਿਜਰਾਂ ਦਾ
ਸਾਨੂੰ ਚੜ੍ਹ ਵੇ ਗਿਆ
ਹਾਏ ! ਮਰ ਗਈ ਰਾਂਝਣਾ
ਦਿਲ ਸੜ ਵੇ ਗਿਆ

ਸਾਰੀ ਰਾਤ ਕੱਟਾਂ ਬਹਿ ਕੇ
ਮੂੰਹ ਹੰਝੂਆਂ ਨਾਲ ਧੋਵਾਂ
ਤੈਨੂੰ ਪਤਾ ਲੱਗੇ ਚੰਨਾ
ਤੇਰੀ ਥਾਂ ਤੇ ਮੈਂ ਹੋਵਾਂ
ਖੂਹ ਨੈਣਾਂ ਦਾ ਚੱਲੇ
ਪੀੜਾਂ ਆਉਣ ਕਰਕੇ ਹੱਲੇ
ਰੂਪ ਹੰਝੂਆਂ ਦੇ ਸਾਗਰਾਂ
'ਚ ਹੜ੍ਹ ਵੇ ਗਿਆ
ਹਾਏ ! ਮਰ ਗਈ ਰਾਂਝਣਾ
ਦਿਲ ਸੜ ਵੇ ਗਿਆ..........

ਖਾ ਗਈ ਘੁਣ ਵਾਂਗ ਮੈਨੂੰ
ਲੱਗੀ ਅਨੋਖੀ ਈ ਬੀਮਾਰੀ
ਦਿਲ ਫੁੱਟਿਆ ਵਾਂਗ ਛਾਲੇ
ਸੱਟ ਐਸੀ ਹੈ ਤੂੰ ਮਾਰੀ
ਮੈਂ ਤਾਂ ਮਰਨ ਦੇ ਕਿਨਾਰੇ

ਹੋਣੀ ਵਾਜਾਂ ਪਈ ਮਾਰੇ
ਤਨ, ਮਨ ਭੱਠੀ ਬ੍ਰਿਹੋਂ ਦੀ
ਰੜ੍ਹ ਵੇ ਗਿਆ
ਹਾਏ! ਮਰ ਗਈ ਰਾਂਝਣਾ
ਦਿਲ ਸੜ ਵੇ ਗਿਆ..........

ਤੂੰ ਤਾਂ ਬਣਿਆਂ ਸਾਡਾ ਵੈਰੀ
ਸੱਜਣ ਬਣਗੇ ਹੌਕੇ-ਹਾਵੇ
ਅੱਗ ਬੁੱਝੀ ਹੋਈ ਉਤੇ
"ਬਲਬੀਰ" ਤੇਲ ਹੋਰ ਪਾਵੇ
ਮੱਲ੍ਹਮ ਪਿਆਰ ਵਾਲੀ ਲਾ ਦੇ
ਜ਼ਿੰਦ ਮੋਈ ਵਿਚ ਪਾ ਦੇ
ਭੈੜਾ ਵਕਤ ਸਾਡੇ ਕੋਲ
ਆ ਕੇ ਖੜ੍ਹ ਵੇ ਗਿਆ
ਹਾਏ! ਮਰ ਗਈ ਰਾਂਝਣਾ
ਦਿਲ ਸੜ ਵੇ ਗਿਆ..........

•

## ਲਾਲ ਚੂੜੀਆਂ

ਗੋਰੀ-ਗੋਰੀ ਬਾਂਹ ਵਿਚ
ਲਾਲ-ਲਾਲ ਚੂੜੀਆਂ
ਛੱਡ ਕਿਉਂ ਤੂੰ ਗਈ ਨੀ
ਪਾ ਪ੍ਰੀਤਾਂ ਗੂੜ੍ਹੀਆਂ।

ਸਜ-ਧਜ ਕੇ ਤੂੰ ਜਦੋਂ
ਗੱਡੀ ਵਿਚ ਬਹਿ ਗਈ
ਕੋਮਲ ਜਿਹਾ ਦਿਲ ਮੇਰਾ
ਨਾਲ ਈ ਕੱਢ ਲੈ ਗਈ
ਗੱਲਾਂ ਸਭ ਕੀਤੀਆਂ ਤੂੰ
ਮੇਰੇ ਨਾਲ ਕੂੜੀਆਂ
ਛੱਡ ਕਿਉਂ ਤੂੰ ਗਈ ਨੀ..........

ਬਾਣ ਤੂੰ ਜੁਦਾਈ ਵਾਲਾ
ਸੀਨੇ ਵਿਚ ਲਾ ਚੱਲੀ
ਪੀੜਾਂ ਦੇ ਪਰਾਗੇ ਸਾਡੇ
ਝੋਲੀ ਵਿਚ ਪਾ ਚੱਲੀ
ਰੀਝਾਂ ਸਾਡੇ ਦਿਲ ਦੀਆਂ
ਰਹਿਗੀਆਂ ਅਧੂਰੀਆਂ
ਛੱਡ ਕਿਉਂ ਤੂੰ ਗਈ ਨੀ..........

ਕੌਲਾਂ ਦੀਏ ਕੱਚੀਏ
ਉੱਤਰੀ ਨਾ ਪੂਰੀ ਨੀ
ਪ੍ਰੀਤ-ਕਹਾਣੀ ਮੇਰੀ
ਰਹਿਗੀ ਅਧੂਰੀ ਨੀ
"ਬਲਬੀਰ" ਲਵੇ ਹਟਕੋਰੇ
ਦੇਖ ਗੱਡੀ ਦੀਆਂ ਧੂੜੀਆਂ:
ਛੱਡ ਕਿਉਂ ਤੂੰ ਗਈ ਨੀ..........

•

## ਹੀਰ ਸਲੇਟੀ

ਕੌਲਾਂ ਦੀਏ ਕੱਚੀਏ ਹੀਰੇ, ਕੱਚ ਤੂੰ ਕਮਾਇਆ ਨੀ।
ਛੱਡ ਕੇ ਤੂੰ ਰਾਂਝਣੇ ਨੂੰ, ਨਿਕਾਹ ਸੈਦੇ ਨਾਲ ਪੜ੍ਹਾਇਆ ਨੀ।

ਝੂਠੇ ਝਾਂਸੇ ਦੇ ਕੇ ਤੂੰ, ਮੱਝੀਆਂ ਚਰਾ ਲੀਆਂ
ਚਾਰ ਦਿਨ ਚਾਵਾਂ ਨਾਲ, ਚੂਰੀਆਂ ਖੁਵਾ ਲੀਆਂ
ਅੰਤ ਵਿਚ ਡੰਗ ਬਣ, ਸੱਪਣੀ ਚਲਾਇਆ ਨੀ
ਕੌਲਾਂ ਦੀਏ ਕੱਚੀਏ ਹੀਰੇ..........

ਭੁੱਲਗੀ ਇਕਰਾਰ ਜਿਹੜੇ, ਬੇਲੇ ਵਿਚ ਕੀਤੇ ਸੀ
ਪ੍ਰੇਮ-ਪਿਆਲੇ ਜੋ ਤੂੰ, ਭਰ-ਭਰ ਪੀਤੇ ਸੀ
ਦਗੇਬਾਜ਼ ਹੀਰੀਏ ਤੂੰ, ਜ਼ੁਲਮ ਕਮਾਇਆ ਨੀ
ਕੌਲਾਂ ਦੀਏ ਕੱਚੀਏ ਹੀਰੇ..........

ਧੋਖੇਬਾਜ ਨਿਕਲੀ ਤੂੰ, ਚੂਚਕ ਦੀਏ ਬੇਟੀਏ
ਦੇਵਾਂ ਖਿਤਾਬ ਤੈਨੂੰ, ਬੇ-ਵਫਾ ਹੀਰ ਸਲੇਟੀਏ
ਕੈਸੇ ਕੰਬਖਤ ਮੈਂ, ਝੰਗ ਸਿਆਲੀ ਆਇਆ ਨੀ
ਕੌਲਾਂ ਦੀਏ ਕੱਚੀਏ ਹੀਰੇ..........

ਛੱਡ ਕੇ ਤਖਤ ਹਜ਼ਾਰਾ, ਰੋਂਦਾ ਮੈਂ ਨਸੀਬਾਂ ਨੂੰ
ਪਛਾਣ ਨਾ ਮੈਂ ਸਕਿਆ, ਕੈਦੋਂ ਜਿਹੇ ਰਕੀਬਾਂ ਨੂੰ
"ਬਲਬੀਰ ਸਾਹਨੇਵਾਲੀਏ", ਜੋ ਕਿਹਾ ਕਰ ਦਿਖਾਇਆ ਨੀ
ਕੌਲਾਂ ਦੀ ਕੱਚੀਏ ਹੀਰੇ..........

•

## ਮੋਰਨੀ

ਕੁੜਤੀ ਤੇਰੀ ਮੋਰਾਕੀਨ, ਦੀ ਜੁੱਤੀ ਮੋਰਾਂ ਵਾਲੀ ਪਾਈ।
ਮੋਰਾਂ ਜੈਸੀ ਤੋਰ ਤੂੰ ਕਰਕੇ, ਮੋਰਾਂ ਦੀ ਧੌਣ ਝੁਕਾਈ।

ਜ਼ੁਲਫਾਂ ਬਿਸ਼ੀਅਰ ਕੀਲਣ ਦੇ ਲਈ, ਦੂਰੋਂ ਆਉਣ ਸਪੇਰੇ
ਗਲੀਆਂ ਦੇ ਵਿਚ ਘੁੰਮਣ ਉਹੋ, ਪੁਛਦੇ ਨੇ ਘਰ ਤੇਰੇ
ਅਰਸ਼ਾਂ ਦਾ ਏ ਤਾਰਾ ਲਗਦੀ, ਬਿੰਦੀ ਮੱਥੇ ਤੇ ਲਾਈ
ਮੋਰਾਂ ਵਰਗੀ ਤੋਰ ਤੂੰ ਤੁਰਕੇ..........

ਚਿੱਤਰੇ ਵਰਗਾ ਲੱਕ ਐ ਤੇਰਾ, ਪਾਇਆ ਲਹਿੰਗਾ ਭਾਰੀ
ਤੁਰਦੀ ਏਂ ਜਦ ਮਾਰ ਹੁਲਾਰੇ, ਲਗਦੀ ਤੋਰ ਪਿਆਰੀ
ਕੀਲ ਲਵੇਂ ਤੂੰ ਗਭਰੂ ਮੁੰਡੇ, ਬੋਲਾਂ 'ਚ ਬੀਨ ਛੁਪਾਈ
ਮੋਰਾਂ ਵਰਗੀ ਤੋਰ ਤੂੰ ਤੁਰਕੇ..........

ਚਿੱਟੇ ਦਿਨ ਹਨੇਰਾ ਹੋ ਗਿਆ, ਗੁੱਤ ਜਦੋਂ ਤੂੰ ਖੋਲ੍ਹੀ
ਵਿਚੋਂ ਤੂੰ ਪੂਰੀ ਖਚਰੀ ਏਂ, ਉਤੋਂ ਲਗਦੀ ਭੋਲੀ
"ਬਲਬੀਰ ਸਾਹਨੇਵਾਲੀਆ" ਦੱਸਦਾ ਕੁੱਲ ਸਚਾਈ
ਮੋਰਾਂ ਵਰਗੀ ਤੋਰ ਤੂੰ ਤੁਰਕੇ..........

•

## ਸੱਸੇ ਸਮਝਾ ਲੈ

ਘਰ ਦੀ ਨਾਰ ਗਦੇਲੇ ਵਰਗੀ
ਨਿੱਤ ਰੰਡੀ ਦੇ ਜਾਵੇ।
ਸੱਸੇ ਸਮਝਾਲੈ ਪੁੱਤ ਨੂੰ
ਅੱਧੀ ਰਾਤ ਘਰ ਆਵੇ।

ਸਬਰਾਂ ਮੇਰਿਆਂ ਦੇ ਟੁੱਟ ਗਏ ਬੰਨ੍ਹ ਨੀ
ਕਿਸੇ ਚੰਦਰੀ ਨੇ ਉਹਦੇ ਭਰ ਦਿੱਤੇ ਕੰਨ ਨੀ
ਸਰੋਵਰਾਂ ਤੋਂ ਮੂੰਹ ਮੋੜ ਕੇ
ਕਿਉਂ ਵਿਚ ਛੱਪੜਾਂ ਦੇ ਨ੍ਹਾਵੇ
ਸੱਸੇ ਸਮਝਾਲੈ ਪੁੱਤ ਨੂੰ..........

ਜੇ ਮੈਂ ਹਾਂ ਰੋਕਦੀ ਤਾਂ ਉਲਟਾ ਮੈਨੂੰ ਕੁੱਟਦਾ
ਮੇਰੀ ਸੇਜ ਕੰਡਿਆਂ 'ਤੇ ਆਪ ਐਸ਼ਾਂ ਲੁੱਟਦਾ
ਪੱਠੇ ਛੱਡ ਅਪਣੀ ਖੁਰਲੀ ਦੇ
ਕਾਹਤੋਂ ਡੱਕਰੂ ਬਿਗਾਨੇ ਖਾਵੇ
ਸੱਸੇ ਸਮਝਾਲੈ ਪੁੱਤ ਨੂੰ..........

ਤੂੰ ਸਭ ਕੁਝ ਜਾਣਦੀ ਏਂ ਕਰ ਮੇਰੇ ਤੇ ਤਰਸ ਨੀ
ਇਨ੍ਹਾਂ ਕਾਰਿਆਂ 'ਚ ਉਹਦੇ ਲੰਘੇ ਕਈ ਬਰਸ ਨੀ
ਫੁੱਲਾਂ ਤੋਂ ਉਹਨੂੰ ਡਰ ਲਗਦਾ
"ਬਲਬੀਰ" ਹੱਥ ਕੰਡਿਆਂ ਨੂੰ ਪਾਵੇ
ਸੱਸੇ ਸਮਝਾ ਲੈ ਪੁੱਤ ਨੂੰ
ਅੱਧੀ ਰਾਤ ਘਰ ਆਵੇ..........

•

## ਮੋਢੇ ਮਾਰਦਾ

ਲੰਘਦੀ ਨੂੰ ਮੋਢੇ ਮਾਰਦਾ
ਪੁੱਤ ਜੱਟ ਦਾ ਬੜਾ ਟੁੱਟ ਪੈਣਾ
ਚੰਦਰੇ ਨੂੰ ਸ਼ਰਮ ਕੋਈ ਨਾ
ਜਿਵੇਂ ਹੁੰਦੀਆਂ ਨ੍ਹੀ ਘਰ ਭੈਣਾਂ।

ਦਿਨ-ਰਾਤ ਚੈਨ ਨਾ ਉਹਨੂੰ
ਫਿਰੇ ਕੁੱਤੇ ਵਾਂਗ ਗਲੀਆਂ 'ਚ ਭੌਂਦਾ
ਹੱਡੀਆਂ ਤੁੜਾ ਕੇ ਬੈਠ ਜੂ
ਮੈਨੂੰ ਪਤਾ ਜਿਹੜੀ ਗੱਲੋਂ ਆਉਂਦਾ
ਅਸੀਂ ਕਿਹੜਾ ਘੱਟ ਵਸਦੇ
ਸਾਡਾ ਵੱਡਿਆਂ ਲੋਕਾਂ ਨਾਲ ਬਹਿਣਾ
ਲੰਘਦੀ ਨੂੰ ਮੋਢੇ ਮਾਰਦਾ..........

ਇਕ ਮੇਰੀ ਚੁੱਪ ਦੇਖ ਕੇ
ਮੈਨੂੰ ਸਮਝਿਆ ਓਸ ਨੇ ਮਾੜੀ
ਸੀਖਾਂ 'ਚ ਕਰਾ ਦੂੰ ਰਾਂਝੇ ਨੂੰ
ਮੇਰਾ ਬਾਪੂ ਡਿਪਟੀ ਦਾ ਆੜੀ
ਉਮਰਾਂ ਦਾ ਰੋਗ ਮੁੱਕ ਜੂ
ਨਿੱਤ-ਨਿੱਤ ਨਾ ਅਸਾਂ ਨੇ ਕਹਿਣਾ
ਲੰਘਦੀ ਨੂੰ ਮੋਢੇ ਮਾਰਦਾ..........

ਰੁੜ ਜਾਣੇ ਨੂੰ ਖੌਫ਼ ਨਾ ਕੋਈ
ਸਾਡੀ ਪਿੰਡ 'ਚ ਚੱਲੇ ਸਰਦਾਰੀ
ਵੱਡਾ ਵੀਰ ਲੱਗਾ ਮੁਣਸ਼ੀ
ਛੋਟਾ ਲੱਗਿਆ ਹੁਣੇ ਪਟਵਾਰੀ
"ਬਲਬੀਰ ਸਾਹਨੇਵਾਲੀਆ" ਕਹੇ
ਚੰਗਾ ਹੁੰਦਾ ਨੀ ਖੰਘਰਾਂ ਨਾਲ ਖਹਿਣਾ
ਲੰਘਦੀ ਦੀ ਨੂੰ ਮੋਢੇ ਮਾਰਦਾ..........

•

## ਗ਼ਜ਼ਲ

ਮੈਂ ਤੇਰੇ ਹੀ ਗੀਤ ਸਦਾ ਗਾਉਂਦਾ ਰਿਹਾ ਹਾਂ।
ਜ਼ਿੰਦਗੀ ਨੂੰ ਨਵਾਂ ਲਾਰਾ ਲਾਉਂਦਾ ਰਿਹਾ ਹਾਂ।

ਮਿਲੀ ਹੈ ਭਾਵੇਂ ਸਾਨੂੰ ਨਿਰਾਸ਼ਾ ਹੀ ਨਿਰਾਸ਼ਾ
ਮੈਂ ਫਿਰ ਵੀ ਹਮੇਸ਼ਾ ਮੁਸਕਰਾਉਂਦਾ ਰਿਹਾ ਹਾਂ।

ਮਹਿੰਗੇ ਮੁੱਲ ਮਿਲੀ ਸੀ ਜੋ ਹਾਸਿਆਂ ਦੀ ਪੂੰਜੀ
ਮੈਂ ਗੈਰਾਂ ਨੂੰ ਮੁਫਤ ਲੁਟਾਉਂਦਾ ਰਿਹਾ ਹਾਂ।

ਆਪਣੇ ਹੱਥੀਂ ਲਾ ਕੇ ਰੋਗ ਅੱਵਲੜਾ
ਮੈਂ ਤਨ ਆਪਣਾ ਪਿੰਜਰ ਬਣਾਉਂਦਾ ਰਿਹਾ ਹਾਂ।

ਰਕੀਬਾਂ ਨੇ ਹੈ ਭਾਵੇਂ ਸੌ ਚੁਗਲੀ ਕੀਤੀ
ਮੈਂ ਫਿਰ ਵੀ ਤੈਨੂੰ ਹੀ ਚਾਹੁੰਦਾ ਰਿਹਾਂ ਹਾਂ।

ਯਾਦਾਂ ਦੀ ਛੜੀ ਨਾਲ ਬ੍ਰਿਹੇ ਦਾ ਸੱਪ ਛੇੜ
ਮੈਂ ਸੁੱਤੀਆਂ ਪੀੜਾਂ ਨੂੰ ਜਗਾਉਂਦਾ ਰਿਹਾ ਹਾਂ।

"ਬਲਬੀਰ" ਦੇ ਹਿੱਸੇ ਦੀ ਵਫਾ ਨਾ ਸਰੀ ਤੈਥੋਂ
ਮੈਂ ਦਿਲ ਤੇਰੀ ਜ਼ੁਲਫ 'ਚ ਲਟਕਾਉਂਦਾ ਰਿਹਾ ਹਾਂ।

•

## ਲੈ ਕੇ ਆ ਜਾ

ਦਿਨ-ਰਾਤ ਦੇਖੀ ਜਾਵਾਂ, ਤੇਰੀਆਂ ਅੰਗੂਠੀਆਂ।
ਆ ਜਾ ਮੇਰੇ ਚੰਨਾ ਹੁਣ, ਲੈਕੇ ਆ ਜਾ ਛੁੱਟੀਆਂ।

ਦੁਖਦਾ ਏ ਦਿਲ, ਜਦੋਂ ਖਤ ਤੇਰੇ ਦੇਖਾਂ ਵੇ
ਮਿਲ ਗਏ ਦਿਲ ਪਰ, ਮਿਲੀਆਂ ਨਾ ਰੇਖਾ ਵੇ
ਡੰਗ ਮਾਰਨ ਜ਼ੁਲਫਾਂ, ਇਹ ਵੀ ਨੇ ਰੁੱਠੀਆਂ
ਆ ਜਾ ਮੇਰੇ ਚੰਨਾ ਹੁਣ..........

ਫੋਟੋ ਤੇਰੀ ਦਿਲ ਦੇ, ਫਰੇਮ 'ਚ ਜੜੀ ਏ
ਜ਼ਿੰਦ ਨਿਮਾਣੀ ਮੇਰੀ, ਸੂਲੀ ਤੇ ਚੜ੍ਹੀ ਏ
ਵਫਾ ਦੀਆਂ ਲਾਈਆਂ ਵੇਲਾਂ, ਸਭੇ ਗਈਆਂ ਪੁੱਟੀਆਂ
ਆ ਜਾ ਮੇਰੇ ਚੰਨਾ ਹੁਣ..........

ਤੇਰੀ ਜੁਦਾਈ "ਬਲਬੀਰ", ਦੱਸ ਕਿਵੇਂ ਝੱਲ੍ਹਾਂ ਵੇ
ਹਿਜਰਾਂ ਦੀ ਭੱਠੀ 'ਚ, ਨਿੱਤ ਈ ਮੈਂ ਜਲ਼ਾਂ ਵੇ
ਗੱਲਾਂ ਸਭ ਕੀਤੀਆਂ ਤੂੰ, ਮੇਰੇ ਨਾਲ ਝੂਠੀਆਂ
ਆ ਜਾ ਮੇਰੇ ਚੰਨਾ ਹੁਣ..........

•

## ਗੱਲ ਕਰ ਮਤਲਬ ਦੀ

ਬੂਹਾ ਭੇੜ ਦੇ ਜਗਣ ਦੇ ਦੀਵਾ,
ਵੇ ਗੱਲ ਕਰ ਮਤਲਬ ਦੀ।
ਨਿੱਤ ਨਾ ਸਤਾਇਆ ਕਰ ਮੈਨੂੰ,
ਵੇ ਏਦਾਂ ਨਹੀਉਂ ਗੱਲ ਫਬਦੀ।

ਤੈਨੂੰ ਕੀ ਅਹਿਸਾਸ
ਕਿਸ ਮੁਸ਼ਕਲ ਨਾਲ ਆਈ ਮੈਂ
ਆਉਂਦੀ ਨਾ ਸੀ ਨੀਂਦ ਮੈਨੂੰ
ਪ੍ਰੀਤ ਕਾਹਦੀ ਪਾਈ ਮੈਂ
ਕਾਲੀ ਰਾਤ ਮੱਸਿਆ ਦੇ ਵਾਂਗੂੰ
ਮੈਂ ਥੱਕੀ ਤੇਰਾ ਘਰ ਲੱਭਦੀ
ਬੂਹਾ ਭੇੜ ਦੇ ਜਗਣ ਦੇ ਦੀਵਾ..........

ਵੱਜ ਗਏ ਨੇ ਬਾਰਾਂ
ਗੱਲ ਕੰਮ ਦੀ ਕੋਈ ਕੀਤੀ ਨਾ
ਲਗਦਾ ਅਨਾੜੀ ਏਂ ਤੂੰ
ਜਾਣੇ ਇਸ਼ਕ ਦੀ ਰੀਤੀ ਨਾ
ਜ਼ਿੰਦ ਤੇਰੇ ਪਿਛੇ ਤਲੀ ਉਤੇ ਧਰ ਲੀ
ਸਹੁੰ ਮੈਂ ਤਾਂ ਖਾਵਾਂ ਰੱਬ ਦੀ
ਬੂਹਾ ਭੇੜ ਦੇ ਜਗਣ ਦੇ ਦੀਵਾ..........

ਸ਼ਾਂਤ ਕਰ ਲੈਣਾ ਤਪਦਾ
ਇਸ਼ਕ ਦਾ ਤੰਦੂਰ ਵੇ
ਨਿੱਤ-ਨਿੱਤ ਆਉਣਾ ਔਖਾ
ਘਰ ਤੇਰਾ ਦੂਰ ਵੇ
ਝਾਂਜਰ ਸ਼ੋਰ ਬੜਾ ਈ ਪਾਉਂਦੀ
"ਬਲਬੀਰ" ਆਈ ਆਂ ਪੈਰ ਦੱਬਦੀ
ਬੂਹਾ ਭੇੜ ਦੇ ਜਗਣ ਦੇ ਦੀਵਾ..........

•

## ਨਖਰਾ ਗਰਮ ਮਸਾਲਾ

**ਮੁੰ.** ਹੁਸਨ ਤੇਰ ਏ ਲੌਂਗ-ਲੈਚੀਆਂ
ਨਖਰਾ ਗਰਮ ਮਸਾਲਾ
ਪੱਟਿਆ ਨੀ ਤੇਰੀ ਤੋਰ ਨੇ ਬਿਲੋ
ਮੁੰਡਾ ਪੱਟਿਆ ਮੁਰੱਬਿਆਂ ਵਾਲਾ

**ਕੁ.** ਸਿਰੇ ਦੇ ਡੰਡੇ ਨੂੰ ਹੱਥ ਪੈ
ਜਗੀਰਦਾਰ ਦੀ ਸਾਲੀ
ਲੁੱਟ ਲਈ ਵੇ ਤੇਰੇ ਜੋਬਨ ਨੇ
ਕੁੜੀ ਲੁੱਟ ਲੀ ਊਸ਼ਾ ਦੀ ਲਾਲੀ

**ਮੁੰ.** ਵਿਚ ਹਵਾ ਦੇ ਰੂਪ ਤੇਰੇ ਦੀ
ਉਡਦੀ ਜੋ ਖੁਸ਼ਬੋਈ
ਨਾਲ ਓਸ ਦੇ ਅੱਧੀ ਦੁਨੀਆ
ਫਿਰਦੀ ਪਾਗਲ ਹੋਈ
ਆਲੇ-ਦੁਆਲੇ ਪੈਗੀਆਂ ਧੁੰਮਾਂ
ਕੀ ਮੋਗਾ-ਬਰਨਾਲਾ
ਪੱਟਿਆ ਨੀ ਤੇਰੀ ਤੋਰ ਨੇ ਬਿਲੋ..........

**ਕੁ.** ਬਹਿਗੀ ਚੋਬਰਾ ਫੜ ਕੇ ਕਾਲਜਾ
ਦੇਖ ਕੇ ਤੇਰੀ ਜੁਆਨੀ
ਯਾਕੂਬ ਦਾ ਭਾਵੇਂ ਪੁੱਤਰ ਨ੍ਹੀਂ ਤੂੰ
ਪਰ ਹੈਂ ਯੂਸਫ ਦਾ ਸਾਨੀ
ਵਫਾ ਦੇ ਬਾਝੋਂ ਦਿਲ ਏ ਖਾਲੀ
ਮੋੜੀਂ ਨਾ ਦਰੋਂ ਸਵਾਲੀ
ਲੁੱਟ ਲਈ ਵੇ ਤੇਰੇ ਜੋਬਨ ਨੇ..........

ਮੁੰ.	ਜੀਹਨੇ ਤੇਰੇ ਨੈਣਾਂ ਦੇ ਵਿਚ
ਤੱਕ ਲਿਆ ਨਿਗ੍ਹਾ ਟਿਕਾ ਕੇ
ਸਾਰੀ ਉਮਰ ਦਾ ਰੋਗੀ ਹੋ ਗਿਆ
ਤੁਰ ਗਿਆ ਹੋਸ਼ ਭੁਲਾ ਕੇ
ਅੱਕੀਂ-ਪਲਾਹੀਂ ਹੱਥ ਮਾਰਦਾ
ਪੀ ਕੇ ਇਸ਼ਕ-ਪਿਆਲਾ
ਪੱਟਿਆ ਨੀ ਤੇਰੀ ਤੋਰ ਨੇ ਬਿਲੋ.........

ਕੁ.	ਆਸ-ਪਾਸ ਦੀਆਂ ਨੱਚਦੀਆਂ ਜਿੰਨੀਆਂ
ਦਿੰਦੀਆਂ ਫਿਰਨ ਦੁਹਾਈ
"ਸਾਹਨੇਵਾਲੀਏ ਬਲਬੀਰ" ਨੇ ਕਹਿੰਦੇ
ਰਤਾ ਕਦਰ ਨ੍ਹੀਂ ਪਾਈ
ਕੰਤਾਂ ਬਾਝ ਨਾ ਰੰਨਾਂ ਸੁੰਹਦੀਆਂ
ਫੁੱਲਾਂ ਬਾਝ ਨਾ ਡਾਲੀ
ਲੁੱਟ ਲਈ ਵੇ ਤੇਰੇ ਜੋਬਨ ਨੇ.........
ਕੁੜੀ ਲੁੱਟ ਲੀ ਊਸ਼ਾ ਦੀ ਲਾਲੀ

•

## ਆ ਜਾ ਮਿੱਤਰਾ

**ਕੁ.** ਚੰਨ ਛੁਪ ਗਿਆ ਟਹਿਕਦੇ ਤਾਰੇ
ਸਾਡੇ ਸੌਂ ਗਏ ਨੇ ਘਰ ਦੇ ਸਾਰੇ
ਵੇ ਕੋਠੇ-ਕੋਠੇ ਆ ਜਾ ਮਿੱਤਰਾ

**ਮੁੰ.** ਛੜੇ ਜਾਗਦੇ ਗੁਆਂਢੀ ਸਾਰੇ
ਬੱਤੀ ਜਗਦੀ ਐ ਠਾਕਰ ਦੁਆਰੇ
ਨੀ ਦੱਸ ਕਿਵੇਂ ਆਵਾਂ ਗੋਰੀਏ

**ਕੁ.** ਝਿਊਰਾਂ ਦੇ ਚੁਬਾਰੇ ਦੇ ਉਹਲਿਉਂ ਦੀ ਆ ਜਾ ਵੇ
ਨਿੱਤ-ਨਿੱਤ ਦੇ ਤੂੰ ਉਲਾਂਭੇ ਜਿਹੇ ਲਾਹ ਜਾ ਵੇ
ਅਸੀਂ ਤੱਕ-ਤੱਕ ਰਾਹ ਤੇਰਾ ਹਾਰੇ
ਸਾਨੂੰ ਲਾਇਆ ਨਾ ਕਰ ਤੂੰ ਲਾਰੇ
ਵੇ ਕੋਠੇ-ਕੋਠੇ ਆ ਜਾ ਮਿੱਤਰਾ.........

**ਮੁੰ.** ਚਾਰੇ ਪਾਸੇ ਬੈਠੀਆਂ ਵੈਰੀਆਂ ਦੀ ਧਾੜ ਨੀ
ਥੋੜ੍ਹੀ ਜਿਹੀ ਗੱਲ ਪਿਛੇ ਮੱਚੂਗੀ ਹਾਹਾਕਾਰ ਨੀ
ਤੈਨੂੰ ਕੀ ਪਤਾ ਏ ਮੁਟਿਆਰੇ
ਇਧਰ ਧਾਰ ਕੱਢਣ ਸੁਨਿਆਰੇ
ਨੀ ਦੱਸ ਕਿਵੇਂ ਆਵਾਂ ਗੋਰੀਏ..........

ਕੁ. ਪਾ ਕੇ ਪ੍ਰੀਤਾਂ ਹੁਣ ਕਾਹਨੂੰ ਰਿਹਾਂ ਡਰ ਵੇ
ਆਨੇ-ਬਹਾਨੇ ਜਿਹੇ ਐਵੇਂ ਨਾ ਤੂੰ ਕਰ ਵੇ
ਗੱਲ ਪੁੱਜ ਜਾਏ ਭਾਵੇਂ ਸਰਕਾਰੇ
ਬਾਜ਼ੀ ਇਸ਼ਕ ਦੀ ਆਸ਼ਕ ਨਾ ਹਾਰੇ
ਵੇ ਕੋਠੇ-ਕੋਠੇ ਆ ਜਾ ਮਿੱਤਰਾ.........

**ਮੁੰ.** ਕੱਚੀਏ ਕੁਆਰੀਏ ਨੀ ਐਵੇਂ ਤੂੰ ਵੰਗਾਰ ਨਾ
"ਬਲਬੀਰ ਸਾਹਨੇਵਾਲੀਏ" ਨੂੰ ਤਾਨ੍ਹੇ ਮਿਹਣੇ ਮਾਰ ਨਾ
ਸਾਡੀ ਸੁਣ ਲੈ ਤੂੰ ਮੁਟਿਆਰੇ
ਅੱਜ ਲਾਹ ਦੂੰ ਉਲਾਂਭੇ ਸਾਰੇ
ਕੋਠੇ-ਕੋਠੇ ਆ ਕੇ ਗੋਰੀਏ.........

•

## ਕੂਲੀਆਂ ਲਗਰਾਂ ਨੂੰ

**ਮੁੰ.** ਸਬਰ ਸਾਡੇ ਦੇ ਟੁੱਟਗੇ ਬੀੜੇ,
ਹੁਣ ਨ੍ਹੀਂ ਕੁੜੀਏ ਸਰਦਾ।
ਨੀ ਕੱਚੀਆਂ ਕੈਲਾਂ ਨੂੰ
ਜੀ ਸਭਨਾਂ ਦਾ ਕਰਦਾ।

**ਕੁ.** ਜਿੰਨੇ ਵੀ ਇਸ ਪਿੰਡ ਦੇ ਮੁੰਡੇ
ਹਰ ਕੋਈ ਮੇਰੇ ਤੇ ਮਰਦਾ
ਕੂਲੀਆਂ ਲਗਰਾਂ ਨੂੰ
ਦਿਲ ਉਨ੍ਹਾਂ ਦਾ ਕਰਦਾ

**ਮੁੰ.** ਹੁਸਨ ਬਾਗ ਵਿਚ ਤੇਰੇ ਅੜੀਏ
ਲੱਗੇ ਦੋ ਪਪੀਤੇ
ਇਨ੍ਹਾਂ ਜ਼ਾਲਮਾਂ ਸੁਣਿਆਂ ਮੈਂ ਤਾਂ
ਸ਼ਾਹ ਕੰਗਾਲ ਨੇ ਕੀਤੇ
ਸਾਥ ਤੇਰੇ ਦੀ ਖਾਤਰ ਹਰ ਕੋਈ
ਸੀਸ ਤਲੀ ਤੇ ਧਰਦਾ
ਨੀ ਕੱਚੀਆਂ ਕੈਲਾਂ ਨੂੰ..........

**ਕੁ.** ਜਿਧਰੋਂ ਦੀ ਲੰਘ ਜਾਵਾਂ ਮੁੰਡਿਆ
ਝਾਂਜਰ ਨੂੰ ਛਣਕਾ ਕੇ
ਡਿਗ ਪੈਂਦੇ ਕਈ ਬੁੱਢੇ-ਠੇਰੇ
ਕਈ ਵਾਰੀ ਗਸ਼ ਖਾ ਕੇ
ਰੂਪ ਮੇਰੇ ਨੇ ਚੋਬਰ ਮੁੰਡੇ
ਖਾਣ ਲਾਏ ਨੇ ਜ਼ਰਦਾ
ਕੂਲੀਆਂ ਲਗਰਾਂ ਨੂੰ..........

**ਮੁੰ.** ਨੈਣਾਂ ਦੀ ਤੈਂ ਗੋਲੀ ਗੋਰੀਏ
ਭਰ ਕੇ ਕਹਿੰਦੇ ਮਾਰੀ
ਜ਼ਖ਼ਮੀ ਦਿਲ ਤੋਂ ਕਰ ਦਿੱਤਾ ਨੂੰ
ਪਿੰਡ ਦਾ ਜੋ ਪਟਵਾਰੀ
ਪਿਆ ਮੰਜੇ ਜਾਵੇ ਉਹ ਤਾਂ
ਲੂਣ ਦੇ ਵਾਂਗੂ ਖਰਦਾ
ਕੱਚੀਆਂ ਕੈਲਾਂ ਨੂੰ..........

**ਕੁ.** ਰੂਪ ਮੇਰੇ ਦਾ ਵੈਰੀ ਬਣ ਗਿਆ
ਪਿੰਡ "ਸਾਹਨੇਵਾਲ" ਸਾਰਾ
ਉਥੋਂ ਦਾ "ਬਲਬੀਰ" ਸੁਣੀਂਦਾ
ਹੋਇਆ ਫਕੀਰ ਵਿਚਾਰਾ
ਦਿਲ ਦੀ ਗੱਲ ਤਾਂ ਦੱਸਦਾ ਨਹੀਂ
ਲੋਕਾਂ ਕੋਲੋਂ ਡਰਦਾ
ਕੂਲੀਆਂ ਲਗਰਾਂ ਨੂੰ
ਦਿਲ ਉਹਦਾ ਵੀ ਕਰਦਾ।

•

## ਰੂਪ ਨੂੰ ਬਚਾ ਲੈ

**ਮੁੰ.** ਨਜ਼ਰਾਂ ਪੱਥਰਾਂ ਨੂੰ ਦਿੰਦੀ ਏ ਪਾੜ ਨੀ
ਕੋਈ ਕਰ ਲੈ ਹੁਸਨ ਅਗੇ ਬਾੜ ਨੀ
ਤੂੰ ਕਾਲਾ ਟਿੱਕਾ ਲਾ ਲੈ ਕੁੜੀਏ
ਤੇ ਰੂਪ ਨੂੰ ਬਚਾ ਲੈ ਕੁੜੀਏ

**ਕੁ.** ਸ਼ਮਾਂ ਦਿੰਦੀ ਐ ਪਤੰਗਿਆਂ ਨੂੰ ਸਾੜ ਵੇ
ਤੀਰ ਨੈਣਾਂ ਦੇ ਸੁੱਟਣ ਪਾੜ-ਪਾੜ ਵੇ
ਤੂੰ ਆਪ ਨੂੰ ਬਚਾ ਲੈ ਮੁੰਡਿਆ
ਤੇ ਭਾਵੇਂ ਅਜਮਾ ਲੈ ਮੁੰਡਿਆ

**ਮੁੰ.** ਜਦੋਂ ਕਰ ਲਵੇਂ ਹਾਰ ਤੇ ਸ਼ਿੰਗਾਰ ਤੂੰ
ਲੱਗੇ ਨਿਕਲੀ ਮਿਅਨੋਂ ਤਲਵਾਰ ਤੂੰ
ਤੇ ਕਰੇਂ ਮਾਰੋ-ਮਾਰ ਤੂੰ
ਘੁੰਡ ਸਰਕਾਅ ਲੈ ਕੁੜੀਏ
ਤੂੰ ਰੂਪ ਨੂੰ ਬਚਾ ਲੈ ਕੁੜੀਏ..........

**ਕੁ.** ਭਲਾ ਮੇਰੇ ਵਿਚ ਦੱਸ ਕੀ ਕਸੂਰ ਵੇ
ਮੇਰੇ ਜੋਬਨੇ ਦਾ ਭਖਦਾ ਤੰਦੂਰ ਵੇ
ਤੇ ਚੜ੍ਹਿਆ ਸਰੂਰ ਵੇ
ਭਖਦੀ ਜੁਆਲਾ ਮੁੰਡਿਆ
ਤੇ ਭਾਵੇਂ ਅਜਮਾ ਲੈ ਮੁੰਡਿਆ..........

**ਮੁੰ.** ਕੰਡਾ ਖੁੱਭ ਜਾਊ ਫੁੱਲ ਵਿਚ ਥੋਹਰ ਦਾ
ਦਿਲ ਬੇਈਮਾਨ ਹੋਇਆ ਹਰ ਭੌਰ ਦਾ
ਤੇ ਦਿਲਾਂ ਵਾਲੇ ਚੋਰ ਦਾ
ਜੁਆਨੀ ਤੂੰ ਹੰਢਾ ਲੈ ਕੁੜੀਏ
ਤੂੰ ਰੂਪ ਨੂੰ ਬਚਾ ਲੈ ਕੁੜੀਏ..........

**ਕੁ.** “ਬਲਬੀਰ” ਤੂੰ ਹੀ ਇਹੇ ਕੰਮ ਕਰਵਾਦੇ ਵੇ
ਕੋਈ ਨਜ਼ਰਾਂ ਤੋਂ ਤਬੀਤ ਬਣਵਾਦੇ ਵੇ
ਤੇ ਗਲ ਵਿਚ ਪਾ ਦੇ ਵੇ
ਤੂੰ ਕਰਮ ਕਮਾ ਲੈ ਮੁੰਡਿਆ
ਵੇ ਭਾਵੇਂ ਅਜਮਾ ਲੈ ਮੁੰਡਿਆ..........

•

## ਸੁਪਨਿਆਂ ਦੀ ਸ਼ਿੰਗਾਰ

**ਕੁ.** ਦੇਖ-ਦੇਖ ਤੈਨੂੰ ਆਵੇ
ਨੈਣਾਂ 'ਚ ਖੁਮਾਰ ਵੇ
ਦਿਨੋਂ-ਦਿਨ ਤੇਰੇ ਨਾਲ
ਹੁੰਦਾ ਜਾਵੇ ਪਿਆਰ ਵੇ

**ਮੁੰ.** ਜਦੋਂ ਦੀਆਂ ਤੇਰੇ ਨਾਲ
ਹੋਈਆਂ ਅੱਖਾਂ ਚਾਰ ਨੀ
ਬਣਗੀ ਏਂ ਤੂੰ ਤਾਂ ਮੇਰੇ
ਸੁਪਨਿਆਂ ਦੀ ਸ਼ਿੰਗਾਰ ਨੀ

**ਕੁ.** ਨੀਂਦ ਅਤੇ ਭੁੱਖ ਸਾਨੂੰ
ਦੇ ਗਈ ਜਵਾਬ ਵੇ
ਦਿਨੇ ਅਤੇ ਰਾਤੀਂ ਸਾਨੂੰ
ਆਉਂਦੇ ਤੇਰੇ ਖੁਆਬ ਵੇ
ਪਾਣੀ ਦੇ ਥਾਂ ਪੀਵਾਂ ਤੇਰੇ
ਨੈਣਾਂ 'ਚੋਂ ਸ਼ਰਾਬ ਵੇ
ਲੁੱਟ ਲਿਆ ਦਿਲ ਸਾਡਾ
ਸ਼ਰੇ ਤੂੰ ਬਾਜ਼ਾਰ ਵੇ
ਦਿਨੋਂ ਦਿਨ ਤੇਰੇ ਨਾਲ..........

**ਮੁੰ.** ਜਦੋਂ ਦੀ ਤੂੰ ਆ ਕੇ ਸਾਡੇ
ਨੈਣਾਂ ਵਿਚ ਬਹਿ ਗਈ
ਚੈਨ ਤੇ ਅਰਾਮ ਸਾਡਾ
ਸਭੇ ਖੋਹ ਕੇ ਲੈ ਗਈ

ਜਿੰਦ ਨਿਮਾਣੀ ਸਾਡੀ
ਮੰਜੇ ਉਤੇ ਪੈ ਗਈ
ਮੁੱਕ ਗਿਆ ਚੰਨੋਂ ਸਾਡਾ
ਸਭ ਤਾਂ ਕਰਾਰ ਨੀ
ਦਿਨੋਂ-ਦਿਨ ਤੇਰੇ ਨਾਲ..........

**ਕੁ.** ਤੂੰ ਵੀ ਕਿਹੜਾ ਸਾਡੇ ਨਾਲ
ਘੱਟ ਐ ਗੁਜਾਰੀ ਵੇ
ਸੀਨੇ ਵਿਚ ਸਿੱਧੀ ਮਾਰੀ
ਨੈਣਾਂ ਦੀ ਕਟਾਰੀ ਵੇ
ਲੱਗ ਗਈ ਕਹਿੰਦੇ ਜੀਹਨੂੰ
ਇਸ਼ਕ ਦੀ ਬੀਮਾਰੀ ਵੇ
ਮੱਠਾ-ਮੱਠਾ ਦਿਲ ਨੂੰ ਤਾਂ
ਹੁੰਦਾ ਏ ਬੁਖਾਰ ਵੇ
ਦਿਨੋਂ-ਦਿਨ ਤੇਰੇ ਨਾਲ..........

**ਮੁੰ.** ਲੁੱਟਿਆ ਤੂੰ ਹੀਰੀਏ
"ਸਾਹਨੇਵਾਲੀਆ ਬਲਬੀਰ" ਨੀ
ਚੱਲੀ ਨਾ ਕੋਈ ਉਹਦੀ
ਤੇਰੇ ਅਗੇ ਤਦਬੀਰ ਨੀ
ਮਾਰਿਆ ਏ ਉਹਨੂੰ ਤਾਂ
ਉਹਦੀ ਤਕਦੀਰ ਨੀ
ਚੱਲੀ ਉਹਦੇ ਉਤੇ
ਹੁਸਨ ਦੀ ਕਟਾਰ ਨੀ
ਜਦੋਂ ਦੀਆਂ ਤੇਰੇ ਨਾਲ..........

•

## ਰੰਗ ਦੇ ਕਾਲੇ ਨਾਲ

**ਕੁ.** ਮੂੰਹ ਤਾਂ ਤੇਰਾ ਇੰਜ ਵੇ ਮਾਹੀਆ
ਜਿਉਂ ਜਿੰਨ ਦਾ ਪ੍ਰਛਾਵਾਂ
ਰੰਗ ਦੇ ਕਾਲੇ ਨਾਲ
ਮੈਂ ਤਾਂ ਕਦੇ ਨਾ ਜਾਵਾਂ

**ਮੁੰ.** ਜੀਹਦਾ ਇਕ ਵਾਰ ਫੜ ਲੀਏ ਪੱਲਾ
ਲਾ ਕੇ ਤੋੜ ਨਿਭਾਈਏ
ਉਠ ਕੇ ਤੁਰ ਪੈ ਨੀ
ਤੁਰ ਪੈ ਨੀ ਮੁਰਗਾਈਏ

**ਕੁ.** ਹੂਰਾਂ ਦੀ ਮੈਂ ਭੈਣ ਵੇ ਜੱਟਾ
ਰਿੱਛ ਪੈ ਗਿਆ ਪੱਲੇ
ਬੋਤੇ ਵਾਂਗੂੰ ਪੱਟੇ ਉਲਾਘਾਂ
ਕਿਹੜਾ ਤੇਰੇ ਨਾਲ ਚੱਲੇ
ਨਿਆਣੇ ਪਿੰਡ ਦੇ ਡਰਦੇ ਸਾਰੇ
ਛੱਡ ਜਾਂਦੇ ਨੇ ਰਾਹਵਾਂ
ਰੰਗ ਦੇ ਕਾਲੇ ਨਾਲ..........

**ਮੁੰ.** ਢੋਲ ਅਪਣੇ ਨੂੰ ਕਦੇ ਨਾ ਹੀਰੇ
ਮੂੰਹੋਂ ਮੰਦਾ ਕਹੀਏ
ਤੀਵੀਂ-ਮਰਦ ਇਕੱਠੇ ਦੋਵੇਂ
ਹੈ ਜ਼ਿੰਦਗੀ ਦੇ ਪਹੀਏ
ਟੁੱਟ ਜਾਂਦੀ ਐ ਜੀਵਨ ਗੱਡੀ
ਜੇ ਪੁੱਠੇ ਰਾਹ ਪਾਈਏ
ਉਠ ਕੇ ਤੁਰ ਪੈ ਨੀ..........

**ਕੁ.** ਕੀ ਦੇਖਕੇ ਤੁਰ ਪਾਂ ਤੇਰਾ
ਹੋਗੀ ਮੇਰੇ ਨਾ ਠੱਗੀ
ਦੇਖ ਕੇ ਤੈਨੂੰ ਛਿੜਦਾ ਕਾਂਬਾ
ਹੋ ਜਾਂ ਚਿੱਟੀ-ਬੱਗੀ
ਜੀ ਕਰਦਾ ਕੁਝ ਖਾ ਕੇ ਮਰਜਾਂ
ਮੌਤ ਨੂੰ ਜੱਫੀ ਪਾਵਾਂ
ਰੰਗ ਦੇ ਕਾਲੇ ਨਾਲ..........

**ਮੁੰ.** ਕਾਲਾ ਗੋਰਾ ਰੰਗ ਗੋਰੀਏ
ਆਪ ਹੈ ਰੱਬ ਨੇ ਕੀਤਾ
ਜਾਂ ਤਾਂ ਕੇਰਾਂ ਦੱਸ ਦੇ ਮੈਨੂੰ
ਜੇ ਤੂੰ ਜ਼ੋਰ ਨਾ ਲੀਤਾ
"ਬਲਬੀਰ" ਪਿਛੋਂ ਕੁਝ ਨਾ ਬਣਦਾ
ਜੇ ਐਵੇਂ ਪਛਤਾਈਏ
ਉਠ ਕੇ ਤੁਰ ਪੈ ਨੀ..........

•

## ਗਈ ਫਸ ਵੇ ਮੁੰਡਿਆ

**ਕੁ.** ਐਵੇਂ ਤੇਰੇ ਨਾਲ ਪਈ ਹੱਸ ਵੇ ਮੁੰਡਿਆ
ਜ਼ਿੰਦਗੀ ਗਮਾਂ 'ਚ ਗਈ ਫਸ ਵੇ ਮੁੰਡਿਆ

**ਮੁੰ.** ਕੇਹੜੀ ਗੱਲੋਂ ਤੂੰ ਏਂ ਗਈ ਫਸ ਨੀ ਕੁੜੀਏ
ਖੋਲ੍ਹ ਕੇ ਤੂੰ ਗੱਲ ਜਰਾ ਦੱਸ ਨੀ ਕੁੜੀਏ

**ਕੁ.** ਤੇਰੇ ਪਿਛੇ ਲੱਗ ਕੇ ਮੈਂ ਹੋਗੀ ਬਦਨਾਮ ਵੇ
ਦੇ ਨਾ ਸਕੀ ਅਥਰੇ ਮੈਂ ਦਿਲ ਨੂੰ ਲਗਾਮ ਵੇ
ਭੇਤ ਸਾਰਾ ਬੈਠੀ ਤੈਨੂੰ ਦੱਸ ਵੇ ਮੁੰਡਿਆ
ਜ਼ਿੰਦਗੀ ਗਮਾਂ 'ਚ ਗਈ..........

**ਮੁੰ.** ਹਰ ਵੇਲੇ ਚੱਲੇ ਸਾਡੇ ਦਿਲ ਉਤੇ ਆਰੀ ਨੀ
ਸੁੱਕਿਆ ਸਰੀਰ ਮੇਰਾ ਮੱਤ ਗਈ ਮਾਰੀ ਨੀ
ਚੂਸ ਲਿਆ ਵਿਚੋਂ ਸਾਰਾ ਰਸ ਨੀ ਕੁੜੀਏ
ਕਿਹੜੀ ਗੱਲੋਂ ਤੂੰ ਏ ਗਈ..........

**ਕੁ.** ਆਪ ਈ ਤੂੰ ਜੋੜੀ ਸੀ ਪਿਆਰ ਦੀ ਘੁਲਾੜੀ ਵੇ
ਇਹਦੇ ਵਿਚ ਦੱਸ ਮੈਂ ਕੀ ਕੀਤੀ ਗੱਲ ਮਾੜੀ ਵੇ
ਮੇਰੇ ਤਾਂ ਰਿਹਾ ਨਾ ਕੋਈ ਵਸ ਵੇ ਮੁੰਡਿਆ
ਜ਼ਿੰਦਗੀ ਗਮਾਂ 'ਚ ਗਈ..........

**ਮੁੰ.** ਫਿਰ ਤੂੰ ਹੁਣ ਐਵੇਂ ਕਾਹਨੂੰ ਪਾਈ ਐ ਦੁਹਾਈ ਨੀ
ਨਿੱਕੀ ਜਿਹੀ ਗੱਲ ਨੂੰ ਤੂੰ ਜਾਨੀ ਐ ਵਧਾਈ ਨੀ
"ਬਲਬੀਰ" ਤੇਰਾ ਗਾਵੇ ਨਿੱਤ ਜਸ ਨੀ ਕੁੜੀਏ
ਕਿਹੜੀ ਗੱਲੋਂ ਤੂੰ ਏਂ ਗਈ..........

•

## ਸਾਰੀ ਰਾਤ

ਸਾਰੀ ਰਾਤ ਪਾਸੇ ਮਾਰਦਾ,
ਦਿਲ ਲੱਗੇ ਨਾ ਵੈਰਨੇ ਮੇਰਾ
ਦਿਨ ਨੂੰ ਨਾ ਰਾਤ ਲੱਭਦੀ
ਰਾਤ ਫਿਰਦੀ ਏ ਢੂੰਡਦੀ ਸਵੇਰਾ।

ਸੀਨੇ ਵਿਚੋਂ ਹੌਲ ਉਠਦੇ
ਨਾਲ ਤਾਰਿਆਂ ਦਿਲ ਪ੍ਰਚਾਵਾਂ
ਰੋਜ਼ ਦੀ ਆਦਤ ਬਣਗੀ
ਹੰਝੂ ਪੀਵਾਂ ਹਟਕੋਰੇ ਖਾਵਾਂ
ਖੈਰ ਨਾ ਪਈ ਤੇਰੇ ਪਿਆਰ ਦੀ
ਅਸੀਂ ਰਖਿਆ ਜਿਗਰ ਵਥੇਰਾ
ਸਾਰੀ ਰਾਤ ਪਾਸੇ..........

ਯਾਦਾਂ ਨਿੱਤ ਤੇਰੀਆਂ ਨੇ
ਅਸੀਂ ਫੜ ਗਲੀਆਂ 'ਚ ਧੂਹੇ
ਟੁੱਟ ਜਾਂਦਾ ਦਿਲ ਅੜੀਏ
ਬੰਦ ਦੇਖ ਕੇ ਤੇਰੇ ਨੀ ਬੂਹੇ
ਨੈਣਾਂ ਦੀ ਦਹਿਲੀਜ਼ ਦੇ ਉਤੇ
ਆ ਕੇ ਹੰਝੂਆਂ ਨੇ ਲਾ ਲਿਆ ਡੇਰਾ
ਸਾਰੀ ਰਾਤ ਪਾਸੇ..........

ਇਸ਼ਕ ਦਾ ਬਣਜ ਕਰਕੇ
ਕੀਤੀ ਨਾ "ਬਲਬੀਰ" ਨੇ ਕਮਾਈ
ਪੂੰਜੀ ਜੋ ਮੁਹੱਬਤਾਂ ਦੀ
ਅਸੀਂ ਭੰਗ ਦੇ ਭਾੜੇ ਹੈ ਲੁਟਾਈ
ਟੁੱਟ ਗਿਆ ਕੱਚ ਵਾਂਗਰਾਂ
ਸਾਡਾ ਪ੍ਰਬਤਾਂ ਵਰਗਾ ਜੇਰਾ
ਸਾਰੀ ਰਾਤ ਪਾਸੇ..........

•

## ਛੱਡ ਦੇ ਲੰਘਣਾ

**ਕੁ.** ਸਾਡੀ ਪਿੰਡ ਤੇ ਚੱਲੇ ਸਰਦਾਰੀ
ਕੀ ਫਿਰਦਾ ਏਂ ਦਿਲ ਵਿਚ ਧਾਰੀ
ਵੇ ਗਲੀ ਵਿਚੋਂ ਛੱਡ ਦੇ ਲੰਘਣਾ

**ਮੁੰ.** ਘਰ ਤੇਰਾ ਤੇ ਗਲੀ ਸਰਕਾਰੀ
ਮੈਂ ਤਾਂ ਪਿੰਡ ਦਾ ਨਵਾਂ ਪਟਵਾਰੀ
ਨੀ ਬਿੱਲੋਂ ਅਸੀਂ ਨਿੱਤ ਲੰਘਣਾ

**ਕੁ.** ਸੱਚੀ ਗੱਲ ਆਖਦੀ ਆਂ ਛੱਡ ਦੇ ਤੂੰ ਅੜੀ ਵੇ
ਇਸ਼ਕ ਦੀ ਖੁਮਾਰੀ ਸਾਨੂੰ ਪਤਾ ਤੈਨੂੰ ਚੜ੍ਹੀ ਵੇ
ਸੁਰਤ ਟਿਕਾਣੇ ਆ ਜੂ
ਮਿਰਜ਼ੇ ਦਿਆ ਮਾਮਿਆਂ ਵੇ
ਬਣਗੀ ਚੰਡੀ ਜੇ ਦੋ-ਧਾਰੀ
ਵੇ ਗਲੀ ਵਿਚੋਂ ਛੱਡ ਲੰਘਣਾ..........

**ਮੁੰ.** ਕਰਨਾ ਏਂ ਅਸੀਂ ਤਾਂ ਪਿਆਰ ਦਾ ਵਪਾਰ ਨੀ
ਮੰਨਣੀ ਪਊਗੀ ਤੈਨੂੰ ਇਕ ਦਿਨ ਹਾਰ ਨੀ
ਕਰਦੇ ਇਲਾਜ ਸਾਡਾ
ਜਸ ਤੇਰਾ ਗਾਊਂ ਮੈਂ ਤਾਂ
ਲੱਗ ਗੀ ਇਸ਼ਕ-ਬਿਮਾਰੀ
ਨੀ ਬਿੱਲੋ ਅਸੀਂ ਨਿੱਤ ਲੰਘਣਾ..........

**ਕੁ.** ਤੁਰ ਜਾ ਪਟਵਾਰੀਆ ਮੈਂ ਆਖਾਂ ਵਾਰ-ਵਾਰ ਵੇ
ਤੇਰੇ ਜਹੇ ਰਾਂਝੇ ਇਥੇ ਫਿਰਦੇ ਹਜ਼ਾਰ ਵੇ

ਮੈਨੂੰ ਕੀਹਨੇ ਕਹਿਣਾ
ਕੰਨ ਖੋਲ੍ਹ ਕੇ ਤੂੰ ਸੁਣ ਲੈ ਵੇ
ਮਸਤੀ ਨਾ ਤੇਰੀ ਜੇ ਉਤਾਰੀ
ਵੇ ਗਲੀ ਵਿਚੋਂ ਛੱਡ ਲੰਘਣਾ..........

**ਮੁੰ.** ਰੂਪ ਤੇ ਜੁਆਨੀ ਦਾ ਤੂੰ ਕਰਦੀ ਏਂ ਮਾਣ ਨੀ
"ਬਲਬੀਰ ਸਾਹਨੇਵਾਲੀਏ" ਦੀ ਹੋਈ ਨਾ ਪਛਾਣ ਨੀ
ਖਾਲੀ ਕਾਸਾ ਦਿਲ ਵਾਲਾ
ਮੋੜ ਦਿੱਤਾ ਮੀਸਣੀਏਂ
ਫਿਰਦੀ ਏਂ ਕਿਉਂ ਹੰਕਾਰੀ
ਨੀ ਬਿੱਲੋ ਅਸੀਂ ਨਿੱਤ ਲੰਘਣਾ..........
ਘਰ ਤੇਰਾ ਤੇ ਗਲੀ ਸਰਕਾਰੀ

•

## ਜ਼ਿੰਦੜੀ ਨੂੰ ਰੋਗ ਲੱਗ ਜੂ

**ਕੁ.** ਕਾਹਨੂੰ ਪਾਉਨਾ ਏਂ ਤੂੰ ਇਸ਼ਕੀ ਕਹਾਣੀਆਂ
ਜ਼ਿੰਦੜੀ ਨੂੰ ਰੋਗ ਲੱਗ ਜੂ
ਅਜੇ ਉਮਰਾਂ ਨੇ ਸੁਹਣਿਆਂ ਨਿਆਣੀਆਂ।

**ਮੁੰ.** ਗੱਲਾਂ ਸੁਣੀਆਂ ਨੇ ਅਸਾਂ ਨੇ ਪੁਰਾਣੀਆਂ।
ਇਸ਼ਕ ਨਾ ਕਰਿਆ ਜੀਹਨੇ
ਉਹਨੇ ਕੀ ਨੇ ਜੁਆਨੀਆਂ ਮਾਣੀਆਂ।

**ਕੁ.** ਬੁਰਾ ਇਸ਼ਕ ਦਾ ਹੁੰਦਾ ਏ ਸੁਆਦ ਵੇ
ਸੱਸੀ-ਪੁੰਨੂ ਵਾਲੇ ਕਿੱਸੇ ਕਰ ਯਾਦ ਵੇ
ਨੇ ਹੋਏ ਬਰਬਾਦ ਵੇ
ਤੂੰ ਛੱਡ ਦੇ ਨਦਾਨੀਆਂ
ਜ਼ਿੰਦੜੀ ਨੂੰ ਰੋਗ ਲੱਗ ਜੂ..........

**ਮੁੰ.** ਕੀ ਹੋ ਗਿਆ ਜੇ ਗਏ ਉਹੋ ਮਰ ਨੀ
ਗਏ ਨਾਉਂ ਨੇ ਰੋਸ਼ਨ ਵੀ ਤਾਂ ਕਰ ਨੀ
ਤੇ ਸਾਨੂੰ ਕੀ ਐ ਡਰ ਨੀ
ਹੈ ਜਰੂਰ ਅਸਾਂ ਲਾਣੀਆਂ
ਇਸ਼ਕ ਨਾ ਕਰਿਆ ਜੀਹਨੇ..........

**ਕੁ.** ਇਸ਼ਕ ਮਾਰ ਗਿਆ ਸਾਰਿਆਂ ਦੀ ਮੱਤ ਵੇ
ਭੋਰਾ ਛੱਡਦਾ ਨਾ ਵਜੂਦ ਵਿਚ ਰੱਤ ਵੇ
ਇਹ ਛੱਡਦਾ ਨਾ ਪੱਤ ਵੇ
ਜਾਣ ਦੇ ਤੂੰ ਹਾਣੀਆਂ
ਜ਼ਿੰਦੜੀ ਨੂੰ ਰੋਗ ਲੱਗ ਜੂ..........

ਮੁੰ.	ਐਵੇਂ ਰਹੀ ਐਂ "ਬਲਬੀਰ" ਨੂੰ ਡਰਾ ਤੂੰ
"ਸਾਹਨੇਵਾਲੀਏ" ਨੂੰ ਰਹੀ ਧਮਕਾ ਤੂੰ
ਨਾ ਦੂਰ-ਦੂਰ ਜਾਹ ਤੂੰ
ਕਰਦੇ ਮਿਹਰਵਾਨੀਆਂ
ਇਸ਼ਕ ਨਾ ਕਰਿਆ ਜੀਹਨੇ
ਉਹਨੇ ਕੀ ਨੇ ਜੁਆਨੀਆਂ ਮਾਣੀਆਂ..........

•

## ਮੈਂ ਲੋਕਾਂ ਤੋਂ ਸੰਗਾਂ

**ਕੁ.** ਸੁਣ ਵੇ ਮੁੰਡਿਆ ਕੈਂਠੇ ਵਾਲਿਆ
ਮੈਂ ਲੋਕਾਂ ਤੋਂ ਸੰਗਾਂ
ਵੇ ਜਦੋਂ ਤੂੰ ਗਿਆ ਮੇਲੇ
ਮੇਰੇ ਮੇਚ ਦੀਆਂ ਲਿਆਦੀਂ ਵੰਗਾਂ।

**ਮੁੰ.** ਸੁਣ ਨੀ ਕੁੜੀਏ ਸਾਲੂ ਵਾਲੀਏ
ਪਿੰਡ 'ਚ ਬੜੇ ਸੁਨਿਆਰੇ
ਸੋਨੇ ਦੀਆਂ ਕਰਾਦੂੰ ਚੂੜੀਆਂ
ਮੇਚ ਗੁੱਟ ਦਾ ਦੇ ਦੇ ਮੁਟਿਆਰੇ

**ਕੁ.** ਮੁੰਡੇ ਸੁਨਿਆਰਾਂ ਦੇ ਨੇ ਲਈਆਂ ਜੇ ਦੇਖ ਵੇ
ਸੜ ਜਾਣਗੇ ਮੇਰੇ ਤੱਤੜੀ ਦੇ ਲੇਖ ਵੇ
ਵੰਗਾਂ ਕੱਚ ਦੀਆਂ ਲਿਆਦੀ
ਆਪੇ ਬਾਹਾਂ ਵਿਚ ਪਾਦੀਂ
ਸਭ ਹੋਣਗੀਆਂ ਪੂਰੀਆਂ ਮੰਗਾਂ
ਵੇ ਜਦੋਂ ਤੂੰ ਗਿਆ ਮੇਲੇ..........

**ਮੁੰ.** ਪਿਆਰ ਕਰਨ ਵਾਲਿਆਂ ਦਾ ਰੱਬ ਹੁੰਦਾ ਵਾਲੀ ਨੀ
ਮੁਹੱਬਤਾਂ ਦੀ ਵੇਲ ਅਸਾਂ ਉਹਦੇ ਸਹਾਰੇ ਪਾਲੀ ਨੀ
ਐਵੇਂ ਲੋਕਾਂ ਤੋਂ ਨਾ ਡਰ
ਜੋ ਤੂੰ ਦਿਲ ਆਈ ਕਰ
ਮਿੱਤਰ "ਸਾਹਨੇਵਾਲੀਏ" ਸਾਰੇ
ਸੋਨੇ ਦੀਆਂ ਕਰਾਦੂੰ ਚੂੜੀਆਂ..........

**ਕੁ.** ਪ੍ਰੀਤ ਦਿਆਂ ਭੌਰਿਆਂ ਦਾ ਜੱਗ ਹੁੰਦਾ ਵੈਰੀ ਵੇ
ਛੇਤੀ ਕਰ ਸੱਜਣਾਂ ਤੂੰ ਲਾ ਨਾ ਹੁਣ ਦੇਰੀ ਵੇ

ਆਹ ਲੈ ਫੜ ਮੇਰਾ ਗੁੱਟ
ਜਿਵੇਂ ਦਿਲ ਕਰੇ ਲੁੱਟ
ਹੁਣ ਛੱਡੀਆਂ ਅਸਾਂ ਨੇ ਸੰਗਾਂ
ਵੇ ਜਦੋਂ ਤੂੰ ਗਿਆ ਮੇਲੇ..........

**ਮੁੰ.** ਨੱਚਣ ਜਦੋਂ ਲੱਗ ਪਏ ਘੁੰਡ ਫਿਰ ਕਾਹਦਾ ਨੀ
ਛੱਡੂੰਗਾ ਨਾ ਬਾਂਹ ਤੇਰੀ ਕਰਦਾ ਹਾਂ ਵਾਅਦਾ ਨੀ
ਲਿਆ ਦਿਲ ਵਿਚ ਧਾਰ
ਤੈਨੂੰ ਛੱਡੂ ਨਾ ਵਿਚਕਾਰ
"ਬਲਬੀਰ" ਲਾ ਕੇ ਰਹੂਗਾ ਕਿਨਾਰੇ
ਸੋਨੇ ਦੀਆਂ ਕਰਾਦੂੰ ਚੂੜੀਆਂ
ਮੇਚ ਗੁੱਟ ਦਾ ਦੇ ਦੇ ਮੁਟਿਆਰੇ..........

•

## ਹੀਲਾ ਕਰ ਲੈ

**ਕੁ.** ਮੇਰੇ ਬਾਪੂ ਜੀ ਦੇ ਹਾਣੀ
ਕੋਈ ਕਰ ਲੈ ਹੀਲਾ

**ਮੁੰ.** ਕੀ ਹੋਇਆ ਮੇਰੀ ਰਾਣੀ
ਕਾਹਦਾ ਕਰਲਾਂ ਹੀਲਾ

**ਕੁ.** ਰੱਬ ਕਰਕੇ ਉਹ ਮਰ ਜਾਏ ਭਾਈ
ਜਿਸ ਨੇ ਸਾਡੀ ਸ਼ਾਦੀ ਕਰਾਈ
ਤੇਰੀਆਂ ਤਾਂ ਕਬਰ 'ਚ ਲੱਤਾਂ
ਮੇਰੀ ਉਮਰ ਨਿਆਣੀ
ਕੋਈ ਕਰ ਲੈ ਹੀਲਾ..........

**ਮੁੰ.** ਦੇਖਣ ਨੂੰ ਮੈਂ ਵੱਡਾ ਸਾਰਾ
ਦਿਲ ਮੇਰਾ ਏ ਅਜੇ ਕੁਆਰਾ
ਪਿਆਰ ਦੀ ਕੋਈ ਗੱਲ ਕਰ ਚੰਨੀਏਂ
ਛੱਡ ਦੇ ਇਹੇ ਕਹਾਣੀ
ਕਾਹਦਾ ਕਰਲਾਂ ਹੀਲਾ..........

**ਕੁ.** ਬੱਤੀਆਂ ਦੰਦਾਂ 'ਚੋਂ ਦੰਦ ਵੀ ਹੈ ਨ੍ਹੀਂ
ਜੁਆਨਾਂ ਜਿਹਾ ਅਨੰਦ ਵੀ ਹੈ ਨ੍ਹੀਂ
ਕੁੜੀਆਂ ਦੀਆਂ ਮੈਂ ਸੁਣ ਕੇ ਗੱਲਾਂ
ਹੋ ਜਾਂ ਪਾਣੀ-ਪਾਣੀ
ਕੋਈ ਹੀਲਾ ਕਰ ਲੈ..........

**ਮੁੰ.** ਅੱਜ ਈ ਜਾ ਕੇ ਦੰਦ ਲੁਆਵਾਂ
ਤੇਰੀ ਆਈ ਮੈਂ ਮਰ ਜਾਵਾਂ

ਮੋੜਾਂ ਨਾ ਮੈਂ ਗੱਲ ਕੋਈ ਵੀ
ਜੋ ਆਖੇ ਮੇਰੀ ਸੁਆਣੀ
ਕਾਹਦਾ ਕਰਲਾਂ ਹੀਲਾ..........

**ਕੁ.** ਸਿਰ ਤੇਰੇ ਤੇ ਧੌਲਾ ਝਾਟਾ
ਗੰਦਾ ਕਰ ਕੋਈ ਜਾਹ ਖੂਹ-ਖਾਤਾ
ਨ੍ਹੀਂ ਤਾਂ ਮੈਂ ਖੁਦ ਮਰ ਜਾਊਂ
ਝੂਠ ਨਾ ਮੇਰਾ ਜਾਣੀ
ਕੋਈ ਹੀਲਾ ਕਰ ਲੈ..........

**ਮੁੰ.** ਭਾਵੇਂ ਮੈਤੋਂ ਮਿੰਨਤ ਕਰਾ ਲੈ
ਪੈਰਾਂ ਦੇ ਵਿਚ ਪੱਗ ਧਰਾ ਲੈ
"ਸਾਹਨੇਵਾਲੀਏ" ਦਾ ਮੰਨ ਲੈ ਕਹਿਣਾ
ਨਾ ਰੰਡਾ ਕਰੀ ਰਾਣੀ
ਕਿਥੋਂ ਕਰਲਾਂ ਹੀਲਾ..........
ਕੀ ਹੋਇਆ ਮੇਰੀ ਰਾਣੀ

•

## ਤੰਦੂਰ ਤੇ ਖੜ੍ਹੀ

**ਕੁ.** ਜਦੋਂ ਦੇਖਿਆ ਰੰਡੀ ਦੇ ਘਰ ਵੜਦਾ
ਮੈਂ ਸੜ ਗਈ ਤੰਦੂਰ ਤੇ ਖੜ੍ਹੀ

**ਮੁੰ.** ਤੇਰੇ ਭਰਮ ਦਾ ਇਲਾਜ ਨਾ ਕੋਈ
ਐਵੇਂ ਤੂੰ ਤਾਂ ਜਾਨੀ ਏਂ ਸੜੀ

**ਕੁ.** ਪਹਿਲਾਂ ਤਾਂ ਮੈਂ ਸੁਣਦੀ ਸੀ
ਅੱਜ ਦੇਖ ਲਿਆ ਅੱਖੀਂ ਵੇ
ਅੱਖਾਂ ਨਾਲ ਵੇਖ ਕੇ ਕਦੋਂ
ਖਾਧੀ ਜਾਂਦੀ ਐ ਮੱਖੀ ਵੇ
ਤੇਰੇ ਦੇਖ ਕੇ ਪੁੱਠੇ ਈ ਚਾਲੇ
ਤੰਗ ਮੈਂ ਤਾਂ ਹੋਈ ਆਂ ਬੜੀ
ਜਦੋਂ ਦੇਖਿਆ ਰੰਡੀ ਦੇ..........

**ਮੁੰ.** ਕੀ ਫਾਇਦਾ ਹੋਊ ਕਾਹਨੂੰ
ਪੌਨੀਆਂ ਲੜਾਈਆਂ ਤੂੰ
ਐਵੇਂ ਮੇਰੇ ਉਤੇ ਕਰੀ
ਜਾਨੀਆਂ ਚੜ੍ਹਾਈਆਂ ਤੂੰ
ਗੱਲਾਂ ਲੋਕਾਂ ਕੋਲੋਂ ਐਵੇਂ ਸੁਣ ਕੇ
ਜਾਵੇਂ ਤੂੰ ਮੇਰੇ ਨਾਲ ਲੜੀ
ਤੇਰੇ ਭਰਮ ਦਾ ਇਲਾਜ ਨਾ..........

**ਕੁ.** ਪੀ ਕੇ ਸ਼ਰਾਬਾਂ ਨਿੱਤ
ਅੱਧੀ ਰਾਤੀ ਆਵੇਂ ਤੂੰ
ਉਥੇ ਨ੍ਹੀਂ ਤਾਂ ਜਾਂਦਾ ਦੱਸ

ਹੋਰ ਕਿਥੇ ਜਾਵੇਂ ਤੂੰ
ਘਰ ਬੈਠ ਜੂੰ ਮਾਪਿਆਂ ਦੇ ਜਾ ਕੇ
ਛੱਡੀ ਜੇ ਨਾ ਤੂੰ ਅਪਣੀ ਅੜੀ
ਜਦੋਂ ਦੇਖਿਆ ਰੰਡੀ ਦੇ..........

**ਮੁੰ.** ਸਭ ਕੁਝ ਛੱਡਿਆ ਅੱਜ ਤੋਂ
ਮਾਫ ਕਰਦੇ ਮੈਨੂੰ ਨੀ
ਸਮਝ ਕੇ ਦੇਵੀ ਹੁਣ
ਪੂਜਿਆ ਕਰੂੰ ਤੈਨੂੰ ਨੀ
"ਸਾਹਨੇਵਾਲੀਆ" ਸਿੱਧੇ ਰਾਹ ਪੈ ਗਿਆ
ਦੇਖ ਕੇ ਤੇਰੇ ਨੈਣਾਂ ਦੀ ਝੜੀ
ਤੇਰੇ ਭਰਮ ਦਾ ਇਲਾਜ..........

•

## ਸੂਰਤ ਤੇਰੀ ਚੰਨਾ

**ਮੁੰ.** ਅੱਖ ਗੋਰੀਏ ਨੀ ਤੂੰ
ਜਦੋਂ ਦੀ ਸਾਨੂੰ ਮਾਰੀ ਐ
ਨੀਂਦ ਹੀਰੀਏ ਨੀ ਮੈਂ
ਉਦੋਂ ਦੀ ਵਿਸਾਰੀ ਐ

**ਕੁ.** ਸੂਰਤ ਤੇਰੀ ਚੰਨਾ ਮੈਨੂੰ
ਲਗਦੀ ਪਿਆਰੀ ਐ
ਏਸੇ ਕਰਕੇ ਤਾਂ ਅਸਾਂ
ਅੱਖ ਤੈਨੂੰ ਮਾਰੀ ਐ

**ਮੁੰ.** ਕਦੋਂ ਦਾ ਉਡੀਕਦਾ ਸੀ
ਤੇਰੇ ਮੈਂ ਇਸ਼ਾਰੇ ਨੂੰ
ਸੁਝਦਾ ਨਾ ਮੈਨੂੰ ਕੁਝ
ਇਸ਼ਕ ਦੇ ਮਾਰੇ ਨੂੰ
ਲੱਗ ਚੁੱਕੀ ਸਾਨੂੰ ਹੁਣ
ਅਵੱਲੜੀ ਬੀਮਾਰੀ ਐ
ਅੱਖ ਗੋਰੀਏ ਨੀ ਤੂੰ..........

**ਕੁ.** ਸੋਚਿਆ ਸੀ ਸੱਜਣਾ ਮੈਂ
ਕਰੇਂਗਾ ਪਹਿਲ ਤੂੰ
ਨੈਣਾਂ ਦਿਆਂ ਨੇਜਿਆਂ ਨਾ
ਕਰੇਂਗਾ ਘਾਇਲ ਤੂੰ
ਗੱਲ ਤੇਰੀ ਦੇਖੀ ਅਸੀਂ
ਬੜੀ ਈ ਨਿਆਰੀ ਐ
ਸੂਰਤ ਤੇਰੀ ਚੰਨਾ ਮੈਨੂੰ..........

**ਮੁੰ.** ਡਰਦਾ ਸੀ ਤੈਤੋਂ ਕਿਤੇ
ਖ਼ਫ਼ਾ ਨਾ ਹੋ ਜਾਏਂ ਤੂੰ
ਚੜ੍ਹਦੀ ਜੁਆਨੀ ਸ਼ਾਇਦ
ਵਫ਼ਾ ਨਾ ਕਮਾਏਂ ਤੂੰ
"ਸਾਹਨੇਵਾਲ" ਵਿਚ ਤੇਰੀ
ਚਲਦੀ ਸਰਦਾਰੀ ਐ
ਅੱਖ ਗੋਰੀਏ ਨੀ ਤੂੰ.........

**ਕੁ.** ਗੱਲਾਂ ਤੂੰ "ਬਲਬੀਰ" ਹੁਣ
ਬਹੁਤੀਆਂ ਨਾ ਕਰ ਵੇ
ਆ ਨਾ ਜਾਏ ਕੋਈ
ਐਵੇਂ ਲਗਦਾ ਏ ਡਰ ਵੇ
ਤੇਰੀ-ਮੇਰੀ ਹਾਣੀਆਂ ਵੇ
ਲੱਗ ਗਈ ਯਾਰੀ ਐ
ਸੂਰਤ ਤੇਰੀ ਚੰਨਾ ਮੈਨੂੰ
ਲਗਦੀ ਪਿਆਰੀ ਐ.........

•

## ਪੱਟਾਂ ਤੇ ਮੋਰਨੀ

**ਕੁ.** ਛੜੇ ਰੰਨਾਂ ਪੱਟਣ ਦੇ ਮਾਰੇ
ਪੱਟਾਂ ਤੇ ਪਵਾਉਂਦੇ ਮੋਰਨੀ

**ਮੁੰ.** ਤੇਰਾ ਕੀ ਪੱਟ ਲਿਆ ਮੁਟਿਆਰੇ
ਪੱਟਾਂ ਤੇ ਪਵਾ ਕੇ ਮੋਰਨੀ

**ਕੁ.** ਕੰਮ-ਕਾਰ ਨਾ ਕੋਈ ਛੜਿਆਂ ਨੂੰ
ਰਹਿਣ ਤਾੜਦੇ ਨਾਰਾਂ
ਮੰਡਲੀ ਛੜਿਆਂ ਦੀ ਤੋਂ ਹੁਣ
ਤੰਗ ਹੁੰਦੀਆਂ ਮੁਟਿਆਰਾਂ
ਚਿੱਠੀ ਲਿਖੀਏ ਲੀਡਰਾਂ ਨੂੰ
ਛੜੇ ਭੇਜ ਦੋ ਲਾਮ ਨੂੰ ਸਾਰੇ
ਪੱਟਾਂ ਤੇ ਪਵਾਉਂਦੇ ਮੋਰਨੀ..........

**ਮੁੰ.** ਕਿਹੜੀ ਗੱਲੋਂ ਦੱਸ ਗੋਰੀਏ
ਆਢਾ ਫੱਕਰਾਂ ਨਾਲ ਲਾਇਆ
ਅਸੀਂ ਕੀ ਤੇਰੇ ਫੁੱਲ ਤੋੜ ਲੇ
ਐਵੇਂ ਕਿਉਂ ਪਾਰਾ ਚੜ੍ਹਾਇਆ
ਏਹਦੇ 'ਚ ਸਾਡਾ ਦੋਸ਼ ਕੋਈ ਨਾ
ਸਾਡੇ ਡੁੱਬਗੇ ਨਸੀਬਾਂ ਦੇ ਸਤਾਰੇ
ਪੱਟਾਂ ਤੇ ਪਵਾ ਕੇ ਮੋਰਨੀ
ਤੇਰਾ ਕੀ ਪੱਟ ਲਿਆ ਮੁਟਿਆਰੇ..........

**ਕੁ.** ਪਿੰਡ ਦੀਆਂ ਕੁੜੀਆਂ ਦੇਖ ਕੇ
ਕਿਉਂ ਲੈਂਦੇ ਹੌਕੇ-ਹਾਵੇ

ਥੋੜੇ ਘਰ ਨੇ ਚਾਰ ਚੱਕੀਆਂ
ਕਿਉਂ ਨਾ ਪੀਹਣ ਕੋਈ ਜਾਵੇ
ਇਵੇਂ-ਜਿਵੇਂ ਪਿਛਲੇ ਯੁਗ ਦੇ
ਕੋਈ ਕੀਤੇ ਨੇ ਪੁੱਠੇ ਈ ਕਾਰੇ
ਪੱਟਾਂ ਤੇ ਪਵਾਉਂਦੇ ਮੋਰਨੀ..........

**ਮੁੰ.** ਛੜਾ ਕਾਹਤੋਂ ਰੰਨਾਂ ਦੀ ਅੱਖ 'ਚ
ਰੋੜ ਦੇ ਵਾਂਗੂੰ ਰੜਕੇ
ਜੀ ਕਰਦਾ ਏ ਮਰ ਜਾਮਾਂ
ਸਿਰ ਤੇਰੇ ਮੈਂ ਚੜ੍ਹਕੇ
"ਬਲਬੀਰ" ਦੀ ਬਲੀ ਕਰਕੇ
ਸੁਖੀ ਵਸਣਗੇ ਬਾਕੀ ਛੜੇ ਸਾਰੇ
ਪੱਟਾਂ ਤੇ ਪਵਾ ਕੇ ਮੋਰਨੀ
ਤੇਰਾ ਕੀ ਪੱਟ ਲਿਆ ਮੁਟਿਆਰੇ..........

•

## ਘੱਗਰਾ

**ਮੁੰ.** ਗੱਲ ਸੁਣ ਲੈ ਬਾਂਕੀਏ ਨਾਰੇ
ਮੇਚ ਲੱਕ ਦਾ ਦੇ ਦੇ ਮੁਟਿਆਰੇ
ਘੱਗਰਾ ਸੁੰਵਾਂਦੂੰ ਸੂਫ ਦਾ

**ਕੁ.** ਐਵੇਂ ਮਾਰਨਾ ਖੜ੍ਹਾ ਲਲਕਾਰੇ
ਤੇਰੇ ਦੇਖੇ ਨੇ ਕੰਜੂਸਾ ਲਾਰੇ
ਵੇ ਤੂੰ ਕੀ ਸੁਆਉਣਾ ਘੱਗਰਾ

**ਮੁੰ.** ਪੱਕੀ ਗੱਲ ਮੰਨ ਮੇਰੀ, ਝੂਠ ਨਾ ਤੂੰ ਜਾਣੀ
ਅਗੇ ਵਾਂਗ ਹੁਣ ਨਾ ਮੈਂ, ਪਾਉਂਦਾ ਹਾਂ ਕਹਾਣੀ
ਗਿਣ ਕੇ ਗਿਆਰਾਂ ਸੌ ਲਾ ਦੂੰ
ਬੋਲ ਮੂੰਹ ਦੇ ਪੁਗਾਦੂੰ
ਨਾਲੇ ਲਊਂਗਾ ਮੈਂ ਖੜ੍ਹਕੇ ਨਜ਼ਾਰੇ
ਘੱਗਰਾ ਸੁੰਵਾਂਦੂੰ ਸੂਫ ਦਾ..........

**ਕੁ.** ਪਹਿਲਾਂ ਵੀ ਤੂੰ ਕਹਿੰਦਾ ਸੀ, ਕਰਾਦੂੰਗਾ ਤਬੀਤ
ਥੋੜ੍ਹੇ ਦਿਨਾਂ ਮਗਰੋਂ ਤੇਰੀ ਬਦਲ ਗਈ ਨੀਤ
ਮੈਨੂੰ ਨਹੀਉਂ ਇਤਬਾਰ
ਤੈਨੂੰ ਕਹਾਂ ਵਾਰ-ਵਾਰ
ਕੀ ਹੁਣ ਪਿੰਡ 'ਚੋਂ ਚਲੇ ਗੇ ਸੁਨਿਆਰੇ ?
ਵੇ ਤੂੰ ਕੀ ਸੁਆਉਣਾ ਘੱਗਰਾ..........

**ਮੁੰ.** ਗੱਲਾਂ ਪਿਛਲੀਆਂ ਦੇ ਛੱਡ, ਅਤੇ ਹੁਣ ਦੀਆਂ ਕਰ
ਹੋਰ ਕੁਝ ਨਾ ਮੈਂ ਕਹਿੰਦਾ, ਐਵੇਂ ਕਾਹਨੂੰ ਰਹੀ ਡਰ
ਅਸੀਂ ਫੜੀ ਤੇਰੀ ਬਾਂਹ

ਕਹਿਦੇ ਇਕ ਵਾਰੀ ਹਾਂ
ਮੈਂ ਜਾਊਂਗਾ ਤੈਤੋਂ ਬਲਿਹਾਰੇ
ਨੀ ਘੱਗਰਾ ਸੁੰਵਾਦੂੰ ਸੂਫ ਦਾ.........

**ਕੁ.** ਆਹ ਫੜ ਲੈ ਗਜ਼ "ਬਲਬੀਰ" ਮਿਣ ਲੈ ਤੂੰ ਆਪੇ
ਕਰ ਜਿਵੇਂ ਮਨ ਆਈਆਂ, ਜਿਵੇਂ ਚੰਗਾ ਤੈਨੂੰ ਜਾਪੇ
ਸਿੱਧੀ "ਸਾਹਨੇਵਾਲ" ਜਾਊਂ
ਤੇਰਾ ਘੱਗਰਾ ਹੰਢਾਊਂ
ਪਏ ਤੱਕ-ਤੱਕ ਮਰਨ ਕੁਆਰੇ
ਵੇ ਤੂੰ ਕੀ ਸੁਆਉਣਾ ਘੱਗਰਾ..........

**-ਸਮਾਪਤ-**